ੴ ਸਤਿਗੁਰ ਪ੍ਰਸਾਦਿ ॥

# ਕ੍ਰਾਂਤੀਕਾਰੀ ਜਗਤ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦੇ ਸਿੱਧਾਂਤਾਂ

## ਦੁਆਰਾ

## ਮੋਖ ਪ੍ਰਾਪਤੀ ਕਰਨ ਦੀ ਸਹਜ ਅਤੇ ਸਰਲ ਵਿਧੀ -ਵਿੱਧਾਨ

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਗਉੜੀ ਸੁਖਮਨੀ ਮਹਲਾ 5, ਅੰਗ 266

ਯਥਾ

ਕਹੁ ਨਾਨਕ ਇਹੁ ਤਤੁ ਬੀਚਾਰਾ ॥
ਬਿਨ ਹਰਿ ਭਜਨ ਨਹੀ ਛੁਟਕਾਰਾ॥

ਅੰਗ 188

ਪ੍ਰਕਾਸ਼ਕ
ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ: ਜਸਬੀਰ ਸਿੰਘ
Ph. : (0172-2696891), 09988160484

Type Setting : Radheshyam Choudhary
Mob. : 098149- 66882

Download Free

ਲੇਖਕ: ਜਸਬੀਰ ਸਿੰਘ

# ਮਨੁੱਖੀ ਜੀਵਨ ਦਾ ਮੁਖ ਟੀਚਾ ਮੋਖ ਪ੍ਰਾਪਤੀ

## ਭੂਮਿਕਾ

ਆਧਿਆਤਮਿਕ ਦੁਨੀਆਂ ਵਿਚ ਮਨੁੱਖਾ ਜੀਵਨ ਦਾ ਮੁੱਖ ਟੀਚਾ ਮੋਖ ਪ੍ਰਾਪਤੀ ਹੀ ਹੈ। ਅਰਥਾਤ ਮਾਨਵ ਦਾ ਆਵਾਗਮਨ ਦਾ ਚੱਕਰ ਕਿਸ ਤਰ੍ਹਾਂ ਸਮਾਪਤ ਹੋਵੇ। ਜੀਵਾਤਮਾ ਦੇ ਲਈ ਸਭ ਤੋਂ ਵੱਡਾ ਦੁਖ ਬਾਰ-ਬਾਰ ਜਨਮ-ਮਰਣ ਹੀ ਹੈ। ਹੁਣ ਸੁਆਲ ਇਹ ਹੈ ਕਿ ਇਸ ਟੀਚੇ ਦੀ ਪ੍ਰਾਪਤੀ ਕਿਸ ਵਿਧੀ ਕੀਤੀ ਜਾਵੇ। ਇਸ ਸੁਆਲ ਦਾ ਜੁਆਬ ਖੋਜਣ ਦੇ ਲਈ ਕਈ ਪੰਥ ਹੋਂਦ ਵਿਚ ਆਏ ਜੋ ਬਾਅਦ ਵਿਚ ਅਲਗ-ਅਲਗ ਧਰਮਾਂ ਦੇ ਨਾਵਾਂ ਨਾਲ ਪ੍ਰਸਿੱਧ ਹੋਏ ਪਰ ਕਿਸੀ ਨੇ ਵੀ ਅਚੂਕ ਨਿਸ਼ਾਨਾਂ ਭੇਦਣੇ ਦਾ ਸਿਧਾਂਤ ਮਨੁੱਖੀ ਸਮਾਜ ਦੇ ਸਾਹਮਣੇ ਨਹੀਂ ਰਖਿਆ। ਅਸਲ ਵਿਚ ਇਹ ਪ੍ਰਸ਼ਨ ਆਪਣੇ-ਆਪ ਵਿਚ ਬਹੁਤ ਜਟਿਲ ਹੈ। ਉਥੇ ਅਲਗ-ਅਲਗ ਵਿਚਾਰਧਰਾਵਾਂ ਦੇ ਕਾਰਣ ਉਲਜਿਆ ਹੋਇਆ ਵੀ ਹੈ। ਬਹੁਤ ਸਾਰੇ ਮਹਾਂਪੁਰਖਾਂ ਨੇ ਸਤਿ ਦੀ ਖੋਜ ਨੂੰ ਹੀ ਇਸ ਦਾ ਹਲ ਦਸਿਆ ਹੈ। ਸਿੱਧੇ-ਸਾਧੇ ਸ਼ਬਦਾਂ ਵਿਚ ਮਨੁੱਖ ਨੂੰ ਕੁਦਰਤ ਦੇ ਅਸੂਲਾਂ ਨੂੰ ਖੋਜਣਾ ਚਾਹੀਦਾ ਹੈ ਅਤੇ ਉਸੀ ਅਨੁਸਾਰ ਜੀਣਾ ਚਾਹੀਦਾ ਹੈ। ਇਹ ਕੰਮ ਅਸੰਭਵ ਤਾਂ ਨਹੀਂ ਪਰ ਜਨ-ਸਧਾਰਣ ਦੇ ਲਈ ਕਠਿਨ ਜਰੂਰ ਹੈ। ਇਸ ਕਾਰਜ ਦੀ ਸਫਲਤਾ ਲਈ ਅਸੀਂ ਉਨ੍ਹਾਂ ਮਹਾਪੁਰਖਾਂ ਦੇ ਅਨੁਭਵਾਂ ਤੋਂ ਲਾਭ ਉਠਾਵਾਂਗੇ, ਜਿਨ੍ਹਾਂ ਨੇ ਸਤਿ ਦੀ ਖੋਜ ਕੀਤੀ ਹੈ ਅਤੇ ਉਸ ਵਿਚ ਸਮਾ ਗਏ ਹਨ ।ਅਸਲ ਵਿਚ ਮਹਾਂਪੁਰਸ਼ਾਂ ਦਾ ਜਵੀਨ ਵ੍ਰਿਤਾਂਤ ਵੀ ਆਮ ਮਨੁੱਖਾਂ ਦੇ ਲਈ ਇਕ ਆਦ੍ਰਸ਼ ਹੁੰਦਾ ਹੈ। ਜੇਕਰ ਉਨਾਂ ਦੇ ਅਨੁਭਵ ਜੋ ਉਨਾਂ ਨੇ ਮਨੁੱਖੀ ਸਮਾਜ ਦੇ ਸਾਹਮਣੇ ਕਵਿਤਾ ਜਾਂ ਵਾਰਤਾ ਰੂਪ ਵਿਚ ਸੰਚਿਤ ਕਰ ਦਿੱਤੇ ਹਨ । ਜਿਸ ਨੂੰ ਅਸੀ ਸੰਤ ਬਾਣੀ ਆਖਦੇ ਹਾਂ, ਉਹ ਅਸਾਡਾ ਸਦਾ ਮਾਰਗ ਦਰਸ਼ਨ ਕਰਦੇ ਰਹਿੰਦੇ ਹਨ। ਇਸ ਤਰ੍ਹ ਪੂਰਣ ਸਤਿ ਪੁਰਖਾਂ ਦੀ ਬਾਣੀ ਦਾ ਇਕ ਸੰਗ੍ਰਹ ਹੈ ਜਿਸ ਨੂੰ ਅਸੀਂ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਕਹਿੰਦੇ ਹਾਂ। ਇਹ ਗ੍ਰੰਥ, ਸ੍ਰੀ ਗੁਰੂਨਾਨਕ ਦੇਵ ਜੀ ਦੇ ਪੰਜਵੇਂ ਉੱਤਰਾਧਿਕਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ 35 ਮਹਾਂਪੁਰਖਾਂ ਦੀ ਬਾਣੀ ਨੂੰ ਸੰਕਲਿਤ ਕਰਵਾਇਆ ਹੈ। ਇਸ ਗ੍ਰੰਥ ਵਿਚ ਉਹ ਮਹਾਪੁਰਖ ਜਿੰਨ੍ਹਾਂ ਨੂੰ ਦਿਵਯ ਜੋਤੀ ਵਿਚ ਅਭੇਦਤਾ ਤੋ ਬਾਅਦ ਜੋ ਅਨੁਭਵ ਗਿਆਨ ਹੋਇਆ ਉਸੀ ਨੂੰ ਸਵੀਕਾਰਿਆ ਗਿਆ ਹੈ। ਜਿਨ੍ਹਾਂ ਪੁਰਖਾਂ ਨੇ ਸਿਰਫ ਅਨੁਮਾਨ ਦੇ ਅਧਾਰ ਤੇ ਬਾਣੀ ਰਚੀ ਸੀ ਉਨ੍ਹਾਂ ਰਚਨਾਂਵਾਂ ਨੂੰ ਨਕਾਰ ਦਿਤਾ ਗਿਆ ਸੀ।

ਅਸਲ ਵਿਚ ਕੁਝ ਇਕ ਸੁਆਰਥੀਆਂ ਨੇ ਸਮਾਜ ਵਿਚ ਆਪਣੇ ਗਲਤ ਅਨੁਮਾਨਾਂ ਦੇ ਅਧਾਰ ਤੇ ਬਹੁਤ ਭ੍ਰਾਂਤੀਆਂ ਫੈਲਾਈਆ ਅਤੇ ਕਰਮ -ਕਾਂਡਾਂ ਦਾ ਜਾਲ ਫੈਲਾਇਆ ਜਿਸ ਵਿਚ ਸਧਾਰਣ ਨਾਗਰਿਕ ਫੱਸਦੇ ਹੀ ਚਲੇ ਗਏ। ਇਸੀ ਕਾਰਣ ਉਹ ਲੋਕ ਅਸਲੀਅਤ ਤੋਂ ਦੂਰ ਹੁੰਦੇ ਚਲੇ ਗਏ ਅਤੇ ਆਪਣਾ ਮੁਖ ਟੀਚਾ ਵੀ ਭੁਲ ਗਏ ਹਨ।

ਹੁਣ ਅਸਾਡਾ ਇਕ ਛੋਟਾ ਜਿਹਾ ਉਦਮ ਹੈ ਕਿ ਉਨ੍ਹਾਂ 35 ਮਹਾਂਪੁਰਖਾਂ ਦੀ ਬਾਣੀ ਵਿਚੋਂ ਉਹ ਸਿਧਾਂਤ ਚੁਣ-ਚੁਣ ਕੇ ਮਨੁੰਖੀ ਸਮਾਜ ਦੇ ਸਮਮੁੱਖ ਪੇਸ਼ ਕਰੀਏ ਜੋ ਕਿ ਆਮ ਮਨੁੰਖਾਂ ਨੂੰ ਵੀ ਬਿਨ੍ਹਾਂ ਕਰਮ ਕਾਂਡ, ਗ੍ਰਿਹਸਥੀ ਵਿਚ ਰਹਿੰਦਿਆਂ ਹੋਇਆ ਮੁਕਤੀ (ਮੋਖ) ਦੁਆ ਸਕਣ ਦੇ ਸਮਰਥ ਹਨ।

ਮਨੁੰਖੀ ਸਮਾਜ ਅਗਿਆਨਤਾ ਵਸ ਮੋਹ-ਮਾਇਆ ਦੇ ਬੰਧਨ ਯਾ ਮਾਇਆ ਜਾਲ ਨਹੀਂ ਤੋੜ ਸਕਦਾ ਕਿਉਂਕਿ ਸਾਡਾ ਮਨ ਪਰਿਵਾਰਿਕ ਮੋਹ ਯਾ ਆਪਣੇ ਹੀ ਸ਼ਰੀਰਕ ਮੋਹ ਵਿਚ ਵਸਿਆ ਰਹਿੰਦਾ ਹੈ। ਇਹ ਮੋਹ ਵੀ ਪ੍ਰਭੁ ਅਭੇਦਤਾ ਵਿਚ ਬਹੁਤ ਵਡੀ ਰੁਕਾਵਟ ਉਤਪਨ ਕਰਦਾ ਹੈ। ਮਾਇਆ ਦਾ ਤਾਂ ਬਹੁਤ ਵਿਸਤ੍ਰਿਤ ਸਵਰੂਪ ਹੈ। ਗੁਰਬਾਣੀ ਅਨੁਸਾਰ ਓਹ ਸਾਰੀਆ ਵਸਤਾਂ ਮਾਇਆ ਹੀ ਹਨ ਜਿਨ੍ਹਾਂ ਕਾਰਣ ਸਾਡੀ ਪ੍ਰਭੁ ਤੋ ਦੂਰੀ ਬਣੀ ਰਹਿੰਦੀ ਹੈ।

**ਏਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ ਭਾਉ ਦੂਜਾ ਲਾਇਆ॥**

**ਕਹੈ ਨਾਨਕ ਗੁਰ ਪਰਸਾਦੀ, ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥**

ਅਨੰਦੁ ਸਾਹਿਬ, ਮਹਲਾ 3, ਅੰਗ-917

ਸਾਡੀ ਪਰੰਪਰਾਂਵਾਂ ਵਿਚ ਮ੍ਰਿਤਿਉ ਦੇ ਬਾਦ ਬਹੁਤ ਸਾਰੀਆ ਕ੍ਰਿਆਵਾਂ (ਕਰਮਕਾਂਡ) ਕਰਦੇ ਹਨ। ਆਮ ਆਦਮੀ ਦਾ ਵਿਸਵਾਸ ਹੈ ਕਿ ਪਾਰਥੀਵ ਸ਼ਰੀਰ ਨੂੰ ਤਦ ਤਕ ਮੁਕਤੀ ਨਹੀਂ ਮਿਲਦੀ, ਜਦੋਂ ਤਕ ਉਸ ਦੀ ਧਾਰਮਿਕ ਰੀਤਾਂ ਨਾਲ ਅੰਤਿਮ ਸੰਸਕਾਰ ਨਾ ਪੁਰੇ ਕੀਤੇ ਜਾਵਣ। ਅਸਲ ਵਿਚ ਇਹ ਵਿਚਾਰ ਹੀ ਬਿਲਕੁਲ ਗਲਤ ਹੈ। ਇਸ ਵਿਚ ਕੋਈ ਤੱਥ ਨਹੀਂ। ਸ਼ਰੀਰ ਮਿੱਟੀ ਤੋਂ ਬਣਿਆ ਹੈ ਇਸ ਨੇ ਮਿੱਟੀ ਵਿਚ ਸਮਾ ਜਾਣਾ ਹੈ ਸਿਰਫ ਸਾਡੀ ਆਤਮਾ ਦੀ ਹੀ ਗਤੀ ਹੋਣੀ ਹੈ। ਆਤਮਾ ਤਾਂ ਉਸ ਸ਼ਰੀਰ ਨੂੰ ਤਿਆਰ ਕੇ ਜਾ ਚੁਕੀ ਹੈ। ਹੁਣ ਦਸੋ ਤੁਸੀ ਕਿਸ ਦੀ ਗਤੀ ਕਰ ਰਹੇ ਹੋ?

ਇਸ ਪ੍ਰਥਾਏ ਗੁਰੂਵਾਕ ਹੈ-

**ਜੇ ਮਿਰਤਕ ਕਉ ਚੰਦਨੁ ਚੜਾਵੈ॥ ਉਸ ਤੇ ਕਹਹੁ ਕਵਨ ਫਲ ਪਾਵੈ॥**

**ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ॥**

ਮਹਲਾ 5, ਅੰਗ 1160

ਖੈਰ.... ਮੈਂ ਆਪਣੇ ਮ੍ਰਿਤ ਸ਼ਰੀਰ ਨੂੰ ਇਕ ਮੈਡਿਕਲ ਸੰਸਥਾ **(PGI)** ਨੂੰ ਦਾਨ ਦੇਣੇ ਦੇ ਲਈ ਉਨ੍ਹਾਂ ਦੇ ਫਾਰਮ ਭਰ ਦਿਤੇ ਹਨ। ਮੇਰਾ ਮਨੰਣਾ ਹੈ ਕਿ ਮੌਤ ਇਕ ਅਟੱਲ ਸੱਚਾਈ ਹੈ। ਇਹ ਘਟਨਾ ਘਟਿਤ ਹੋਣੀ ਹੀ ਹੈ। ਇਸ ਲਈ ਮੇਰੀ ਅਰਥੀ ਜੇਕਰ ਕਿਸੀ ਕਮ ਆ ਸਕੇ ਤਾਂ ਇਸ ਵਿਚ ਭਲਾ ਹੀ ਹੈ ਕਿਉਂਕਿ ਮੈਂ ਜਾਣਦਾ ਹਾਂ, ਮੈਂ ਸਿਰਫ ਸ਼ਰੀਰ ਨਹੀਂ, ਇਕ ਆਤਮਾ ਵੀ ਹਾਂ। ਆਤਮਾ ਅਮਰ ਹੈ ਉਸ ਦਾ ਆਵਾਗਮਨ ਚੱਕਰ ਚਲਦਾ ਹੀ ਰਹਿੰਦਾ ਹੈ ਪਰ ਪੂਰੇ ਗੁਰੁ (ਸਤਿਗੁਰੂ) ਦੁਆਰਾ ਪ੍ਰਾਪਤ ਗਿਆਨ ਨਾਲ ਇਸੀ ਜੀਵਨ ਵਿਚ ਆਤਮਾ ਦੀ ਗਤੀ ਹੋ ਸਕਦੀ ਹੈ। ਸਾਨੂੰ ਸਿਰਫ ਗੁਰਦੇਵ ਦੁਆਰਾ ਦੁਸਾਏ ਮਾਰਗ ਦਾ ਪਾਲਣ ਕਰਨਾ ਹੈ। ਕਦਮ-ਕਦਮ ਤੇ ਡਰਨਾ ਅਤੇ ਡਗ-ਮਾਗਣਾ ਨਹੀਂ ਹੈਂ ਅਸਾਨੇ ਸਿਰਫ ਸਤਿ ਦੀ ਖੋਜ ਕਰਨੀ ਹੈ ਅਤੇ ਕਰਮ-ਕਾਂਡ ਦੇ ਆਡੰਬਰਾਂ ਤੋਂ ਬਚਣਾ ਹੈ। ਮਾਇਆ- ਮੋਹ ਦੇ ਜਾਲ ਨੂੰ ਮਸਝਣੇ ਦੇ ਲਈ, ਇਥੇ ਇਕ ਨਿਕੀ ਕਹਾਣੀ (ਲਘੂ ਕਥਾ) ਦ੍ਰਿਸ਼ਟਾਂਤ ਰੂਪ ਵਿਚ ਪੇਸ਼ ਕਰ ਰਿਹਾ ਹਾਂ ਜੀ।

ਇਕ ਤਪਸਵੀ ਨੇ ਇਹ ਫੈਸਲਾ ਲਿਆ ਕਿ ਮੈਂ ਜਨਮ-ਮਰਣ ਦੇ ਚੱਕਰ ਵਿਯੂ ਨੂੰ ਇਸ ਵਾਰ ਭੇਦ ਕੇ ਹੀ ਰਵਾਗਾਂ ਅਤੇ ਮੋਖ ਪ੍ਰਾਪਤ ਕਰ ਪ੍ਰਭੂ ਚਰਣਾਂ ਵਿਚ ਸਮਾ ਜਾਣੇ ਦੀ ਕੋਸ਼ੀਸ਼ ਕਰਾਗਾਂ। ਸਵੋਤਮ ਟੀਚਾ ਸੀ, ਇਸਲਈ ਤਪਸਵੀ ਨੇ ਵਿਚਾਰਿਆਂ ਕਿ ਜੇਕਰ ਮੈਂ ਕਿਸੀ ਇਕਾਂਨਤ ਥਾਂ ਤੇ ਸਾਧਨਾ ਕਰਾਂ ਤਾਂ ਸ਼ਾਇਦ ਮੋਹ-ਮਾਇਆ ਦੇ ਪਕੜ ਤੋਂ ਮੁਕਤੀ ਮਿਲ ਜਾਏ ਅਤੇ ਮੇਰੀ ਸਾਧਨਾ ਫਲੀਭੂਤ ਹੋ ਜਾਵੇ। ਇਸ ਤਰ੍ਹਾਂ ਉਸ ਤਪਸਵੀ ਨੇ ਇਕ ਜੰਗਲ ਵਿਚ ਕੁਟੀਆ ਬਣਾ ਲਈ ਅਤੇ ਕੰਦ-ਮੂਲ ਫਲ ਖਾ ਕੇ ਲਗਾ ਸਾਧਨਾ ਕਰਨ। ਇਕ ਦਿਨ ਅਚਨਚੇਤ ਉਸ ਦੀ ਕੁਟੀਆ ਦੇ ਅਗੋ ਭਜਦਾ ਹੋਇਆ ਹਿਰਨਾ ਦਾ ਝੁੰਡ ਨਿਕਲਿਆ ਉਨ੍ਹਾਂ ਦੇ ਪਿਛੇ ਸ਼ੇਰ ਲਗਿਆ ਹੋਇਆ ਸੀ । ਹਿਰਨ ਨਿਕਲ ਗਏ ਪਰ ਉਨ੍ਹਾਂ ਦਾ ਇਕ ਨਵਜਾਤ ਬੱਚਾ ਭਜਦਾ ਹੋਇਆ ਸਾਧਕ ਦੀ ਕੁਟੀਆ ਵਿਚ ਵੜ ਗਿਆ। ਜਦੋ ਸ਼ੇਰ ਨੇ ਦੇਖਿਆ ਕਿ ਮੇਰਾ ਸ਼ਿਕਾਰ ਜੋਕਿ ਪਿਛਾ ਛੁੱਟ ਗਿਆ ਸੀ ਉਹ ਕੁਟੀਆਂ ਵਿਚ ਹੈ ਜਿਸ ਤਰ੍ਹਾਂ ਸ਼ੇਰ ਕੁਟੀਆਂ ਦੀ ਤਰਫ ਵਧਿਆ, ਤਪਸਵੀ ਨੇ ਮਹਿਸੂਸ

ਕੀਤਾ ਕਿ ਇਹ ਨਵਜਾਤ ਸ਼ਿਸ਼ੂ ਮੇਰਾ ਸ਼ਰਣਾਰਥੀ ਹੈ। ਇਸ ਲਈ ਉਸਨੇ ਡੰਡਾ ਵਿਖਾ ਕੇ ਸ਼ੇਰ ਨੂੰ ਭਜਾ ਦਿਤਾ। ਹੁਣ ਸਮਸਿਆ ਇਹ ਪੈਦਾ ਹੋ ਗਈ ਕਿ ਇਸ ਨਵਜਾਤ ਹਿਰਨ ਦੇ ਸ਼ਿਸ਼ੂ ਨੂੰ ਕੀ ਖੁਵਾਇਆ ਜਾਏ ਕਿਉਂਕਿ ਉਹ ਘਾ ਖਾਣੇ ਲਾਇਕ ਨਹੀਂ ਸੀ। ਉਸ ਵਾਸਤੇ ਤਾਂ ਦੁੱਧ ਦੀ ਜਰੂਰਤ ਸੀ। ਇਸ ਲਈ ਤਪਸਵੀ ਨੇ ਇਕ ਤਰਕੀਬ ਤੋਂ ਕਮ ਲਿਆ। ਜਦੋਂ ਉਹ ਖੁਦ ਆਪਣੇ ਲਈ ਕੰਦ ਮੂਲ ਫਲ ਦੀ ਭਾਲ ਵਿਚ ਨਿਕਲਦਾ ਤਾਂ ਨਵਜਾਤ ਹਿਰਨ ਦੇ ਲਈ ਕੋਮਲ-ਕੋਮਲ ਪੱਤੀਆਂ ਚੁਣਦਾ ਰਹਿੰਦਾ ਅਤੇ ਉਨ੍ਹਾਂ ਨੂੰ ਇਕ ਸਿਲ ਤੇ ਕੁਟ ਕੇ ਚਟਣੀ ਬੜਾ ਕੇ ਉਸ ਨੂੰ ਖੁਵਾਉਂਦਾ । ਇਸ ਤਰ੍ਹਾਂ ਹਿਰਨ ਅਤੇ ਤਪਸਵੀ ਵਿਚ ਪਿਆਰ ਪੈ ਗਿਆ। ਸਹਿਜੇ-ਸਹਿਜੇ ਸ਼ਿਸ਼ੂ ਵਡਾ ਹੋਣ ਲਗਾ ਪਰ ਤਪਸਵੀ ਨੂੰ ਉਨ੍ਹੀ ਦਿਨ੍ਹੀ ਧੁਰਦਰਗਾਹੋ ਸੱਦਾ ਆ ਗਿਆ। ਯਮਦੂਤ ਆ ਗਏ, ਉਨ੍ਹਾਂ ਤਪਸਵੀ ਨੂੰ ਵਾਪਸ ਚਲਣ ਲਈ ਕਹਿਆ। ਵੈਸ ਤਾਂ ਤਪਸਵੀ ਜਾਣ ਲਈ ਤਿਆਰ ਸੀ ਪਰ ਉਸ ਦੇ ਮਨ ਵਿਚ ਆਇਆ ਕਿ ਮੇਰੇ ਬਾਦ ਇਸ ਨੰਨੇ ਹਿਰਣ ਦਾ ਕੀ ਹੋਏਗਾ। ਇਸ ਦੀ ਦੇਖ-ਭਾਲ ਕੌਣ ਕਰੇਗਾ। ਇਸ ਨੂੰ ਤਾਂ ਸ਼ੇਰ ਖਾ ਜਾਏਗਾ। ਤਾਂ ਤਪਸਵੀ ਨੂੰ ਜੋਰ-ਜਬਰ ਦੱਸਤੀ ਧਰਮ ਰਾਜ ਦੇ ਦਰਬਾਰ ਵਿਚ ਪਹੁੰਚਾਇਆ ਗਿਆ। ਤਦ ਧਰਮਰਾਜ ਨੇ ਕਹਿਆ ਮੋਹ-ਤਾਂ ਮੋਹ ਹੀ ਹੈ ਬੇਸ਼ਕ ਤੁਸਾਂ ਇਕ ਹਿਰਨ ਦੇ ਬੱਚੇ ਨਾਲ ਕੀਤਾ ਹੈ। ਇਸ ਲਈ ਇਥੇ ਆਪ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਵਾਪਸ ਜਾਓ ਅਤੇ ਆਪਣੇ ਆਖਰੀ ਸੰਕਲਪ ਅਨੁਸਾਰ ਉਨ੍ਹਾਂ ਹਿਰਨਾਂ ਦੇ ਬੱਚਿਆ ਦਾ ਪਾਲਣ-ਪੋਸ਼ਣ ਕਰੋ। ਮੋਹ ਦੀਆਂ ਇਨ੍ਹਾਂ ਘਾਟਨਾਂਵਾਂ ਨੂੰ ਮੱਦੇ ਨਜ਼ਰ ਰਖਦੇ ਹੋਏ, ਗੁਰਬਾਣੀ ਦਾ ਵਾਕ ਹੈ:-

**ਪੰਕਜੁ ਮੋਹ ਪਗੁ ਨਹੀ ਚਲੈ, ਹਮ ਦੇਖਾ ਤਹ ਡੂਬੀਅਲੇ॥**

ਆਸਾ ਮਹਲਾ 1 , ਅੰਗ-357

ਗੁਰੂਵਾਕ ਹੈ

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥**

**ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥**

**ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ ਰਹਾਉ॥**

ਰਾਗ ਗਉੜੀ ਮਹਲਾ 5, ਅੰਗ 176

ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦੇ ਸਵਿਧਾਨ ਅਨੁਸਾਰ ਜੀਵ ਆਤਮਾ ਨੂੰ ਅਨੰਤ ਜਨਮਾਂ ਤੋਂ ਬਾਦ ਪ੍ਰਭੂ ਕ੍ਰਿਪਾ ਦ੍ਰਿਸ਼ਾ ਟੀ ਦੁਆਰਾ ਪਾਸ ਹੋਣ ਤੇ ਮਨੁੰਖਾ ਦੇਹੀ ਨਸੀਬ ਹੁੰਦੀ ਹੈ। ਉਸ ਨੂੰ ਅਗਲੇ ਇਮਤਿਹਾਨ ਲਈ ਕੁਝ ਸੁਆਸਾ ਦੀ ਰਾਸਿ ਦਿਤੀ ਜਾਂਦੀ ਹੈ। ਗੁਰਮਤਿ ਅਨੁੰਸਾਰ ਜੀਵਾਤਮਾ ਵਿਆਪਾਰੀ ਹੈ। ਇਸ ਲਈ ਉਸ ਨੂੰ ਅਪਣੇ ਸੁਆਸਾਂ ਦੀ ਇਸ ਪੂੰਜੀ ਨੂੰ ਬੜੀ ਸਾਵਧਾਨੀ ਨਾਲ ਸਫਲ ਜੀਵਨ ਜੀਣਾ ਹੁੰਦਾ ਹੈ ਅਰਥਾਤ ਇਸ ਮਨੁੰਖੀ ਸਮਾਜ ਵਿਚ ਹਰਇਕ ਕਰਮ ਕਰਦੇ ਸਮੇਂ ਉਸ ਪਰਮ ਪਿਤਾ ਪਰਮੇਸ਼ਵਰ ਨੂੰ ਪ੍ਰਸ਼ੰਨ ਕਰਣੇ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹਿਦਾ ਹੈ ਭਾਵ ਉਸ ਨੂੰ ਹਰ ਪਲ ਅਪਣੇ ਅੰਗ-ਸੰਗ ਮਹਿਸੂਸ ਕਰਦੇ ਰਹਿਣਾਂ ਚਾਹੀਦਾ ਹੈ। ਅਜਿਹਾ ਕਰਨ ਨਾਲ ਸਾਡੇ ਸੁਆਸਾ ਦੀ ਪੂੰਜੀ ਵਿਅਰਥ ਦੇ ਕਮਾਂ ਵਿਚ ਜ਼ਾਇਆ ਨਹੀਂ ਹੋਵੇਗੀ । ਕਿਉਂਕਿ ਸਾਡਾ ਹਰ ਪਲ ਅਮੁਲ ਹੈ। ਪਰੰਤੂ ਅਸੀ ਭੁਲ ਜਾਂਦੇ ਹਾਂ ਕਿ ਇਹ ਸੰਸਾਰ ਕਰਮ ਭਮੀ ਹੈ। ਅਸੀਂ ਜੋ ਬੀਜਾਗੇ ਉਸੀ ਫਸਲ ਦੀ ਵਾਡੀ ਕਰਾਗੇ। ਇਸ ਗਲ ਨੂੰ ਭਗਵਤ ਗੀਤਾ ਵਿਚ ਵੀ ਖਾਸ ਤੌਰ ਤੇ ਆਖਿਆ ਗਿਆ ਹੈ।

**ਜੈਸਾ ਕਰਮ ਕਰੇਂਗਾ, ਤੈਸਾ ਫਲ ਦੇਗਾ ਭਗਵਾਨ ॥**

**ਯਹੀ ਹੈ ਭਗਵਤ ਗੀਤਾ ਦਾ ਤਤਵ ਗਿਆਨ ॥** (ਭਗਤਵ ਗੀਤਾ)

**ਯਥਾ**

**ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ॥**

**ਜੈਸਾ ਬੀਜੈ ਸੋ ਲੁਣੈ, ਕਰਮ ਇਹੁ ਖੇਤੁ॥**

**ਜੈਤਸਰੀ, ਮਹਲਾ 5 ਵਾਰ ਸਲੋਕਾ ਨਾਲ, ਅੰਗ 706**

ਗਲ ਤਾਂ ਬਿਲਕੁਲ ਸਾਫ ਹੈ। ਸਾਡੇ ਕਰਮਾਂ ਦਾ ਲੇਖਾ-ਜੋਖ਼ਾ ਹੋਣਾਂ ਹੀ ਹੈ। ਸਾਡੇ ਕੋਲ ਸੁਆਸਾ ਦੀ ਪੂੰਜੀ ਵੀ ਗਿਣੀ-ਮਿਥੀ ਹੈ। ਭਾਵ ਮੌਤ ਨਿਸਚਿਤ ਹੋਣੀ ਹੀ ਹੈ। ਉਸ ਨੂੰ ਕੋਈ ਵੀ ਟਾਲ ਨਹੀਂ ਸਕਦਾ। ਸ਼ਾਇਸ ਇਸੀ ਲਈ ਮਾਤ ਲੋਕ ਨੂੰ ਮ੍ਰਿਤਉ ਲੋਕ ਵੀ ਕਹਿੰਦੇ ਹਨ। ਪੁਰਾਤਨ ਕਾਲ ਵਿਚ ਇਸ ਗਲ ਨੂੰ ਆਮ-ਜਨਤਾ ਨੂੰ ਸਮਝਾਣੇ ਲਈ, ਮਹਾਪੁਰਖਾਂ ਨੇ ਇਕ ਵਿਧਿ ਬਣਾ ਰਖੀ ਸੀ ਕਿ ਇਕ ਧਰਮ ਰਾਜ ਹੈ ਅਤੇ ਇਕ ਜਮ ਰਾਜ ਹੈ ਜੋਕਿ ਜੀਵ ਆਤਮਾ ਨੂੰ ਆਪਣੇ ਦੁਤਾਂ ਰਾਹੀ ਉਸ ਦਾ ਲੇਖਾ-ਜੋਖਾ ਕਰਣੇ ਲਈ ਸੱਦਾ ਘਲਦਾ ਹੈ। ਉਥੇ ਇਕ ਚਿਤ੍ਰ ਗੁਪਤ ਨਾ ਦਾ ਮੰਤ੍ਰੀ ਹੈ ਜੋਕਿ ਅਪਣਾ ਵਹੀ-ਖਾਤਾ ਖੋਲ ਕੇ ਜੀਵਾਤਮਾ ਦਾ

ਹਿਸਾਬ ਕਰਦਾ ਹੈ ਫਿਰ ਉਸ ਨੂੰ ਉਸ ਦੇ ਕਰਮਾ ਅਨੁਸਾਰ ਫਲ ਭੋਗਣ ਲਈ ਮਾਤ ਲੋਕ ਵਿਚ ਨਵਾਂ ਜਨਮ ਦੇ ਕੇ ਵਾਪਸ ਭੇਜ ਦਿਤਾ ਜਾਂਦਾ ਹੈ ਅਤੇ ਇਹ ਕ੍ਰਿਆ ਚਲਦੀ ਹੀ ਰਹਿੰਦੀ ਹੈ। ਬੇਸ਼ਕ ਇਹ ਗਲ ਸੱਚਾਈ ਦੇ ਅਧਾਰ ਤੇ ਹੀ ਹੈ। ਪਰ ਗਲ ਨੂੰ ਸਮਝਾਉਣ ਦੀ ਵਿਧੀ ਅਲਫ-ਲੇਲਾ ਦੀ ਕਹਾਣੀਆਂ ਵਰਗੀ ਹੀ ਜਾਪ ਦੀ ਸੀ। ਪਰੰਤੂ ਵਰਤਮਾਨ ਕਾਲ ਵਿਚ ਸਾਨੂੰ ਵਿਗਿਆਨ ਨੇ ਇਲੈਕਟ੍ਰੋਨਿਕ ਯਤ੍ਰਾਂ ਦੁਆਰਾ ਕਈ ਨਵੇਂ ਸਾਧਨ ਉਪਲਬਧ ਕਿਤੀ ਹਨ। ਜਿਨ੍ਹਾਂ ਦੁਆਰਾ ਇਸੀ ਪ੍ਰਸੰਗ ਨੂੰ ਸਹਿਜ-ਸਰਲ ਵਿਧੀ ਨਾਲ ਸਮਝ ਸਕਦੇ ਹਾਂ। ਜਿਵੇਂ ਮੌਬਾਇਲ ਫੌਨ ਦਾ ਠੀਕ ਨੰਬਰ ਡਾਇਲ ਕਰਣ ਨਾਲ ਅਸੀ ਦੁਨਿਆਂ ਦੇ ਕਿਸੀ ਵੀ ਕੋਨੇ ਵਿਚ ਉਸੇ ਪਲ ਗਲ ਬਾਤ ਕਰ ਸਕਦੇ ਹਾਂ। ਠੀਕ ਉਸੀ ਤਰ੍ਹਾਂ ਧਰਮ ਰਾਜ ਦੇ ਦੂਤ ਸਾਨੂੰ ਉਸੀ ਪਲ ਢੂੰਢ ਸਕਦੇ ਹਨ। ਸਾਡਾ ਦਿਮਾਗ ਕੁਦਰਤ ਦਾ ਇਕ ਕੰਪੁਯਟਰ ਹੀ ਹੈ। ਜੋਕਿ ਸਦਾ ਚਲਾਏ ਮਾਨ ਰਹਿੰਦਾ ਹੈ। ਇਸ ਵਿਚ ਕੁਦਰਤ ਨੇ ਆਡਿਓ ਅਤੇ ਵੀਡੀਓ ਫਿਲਮ ਬਣਾਉਂਣ ਦੀ ਪ੍ਰਤਿਕ੍ਰਿਆ ਚਲਾਏ ਮਨ ਰਖੀ ਹੈ। ਜਿਦਾਂ CCTV ਕੈਮਰੇ। ਇਸ ਲਈ ਧਾਰਮਿਕ ਦੁਨੀਆਂ ਵਿਚ ਕਿਹਾ ਜਾਂਦਾ ਕਿ ਰਬ ਦੇ ਘਰ ਵਿਚ ਹੀ ਸੱਚਾ ਨਿਆ ਹੁੰਦਾ ਹੈ ਕਿਉਂ ਕਿ ਉਥੇ ਝੂਠ ਦੀ ਕੋਈ ਗੁੰਜਾਇਸ਼ ਹੁੰਦੀ ਹੀ ਨਹੀਂ । ਕਿਉਂਕਿ ਸਾਡੇ ਦਿਮਾਗ ਦੀਆਂ ਤਾਰਾਂ ਸਾਡੇ ਦਿਲ ਨਾਲ ਜੁੜੀਆਂ ਹੋਈਆਂ ਹੁੰਦਿਆਂ ਹਨ। ਉਥੇ ਹਿਸਾਬ-ਕਿਤਾਬ ਕਰਣੇ ਲਈ ਸਾਲਾ ਦੀ ਲੋੜ ਨਹੀਂ ਹੁੰਦੀ। ਬਸ ਇਦਾ ਸਮਝਲਵੋ ਕਿ ਜਿਸ ਤਰ੍ਹਾਂ ਕੱਲਕੂਲੇਟਰ ਦਾ ਬਰਾਬਰ ਵਾਲਾ ਬਟਨ ਦਬਾਇਆਂ ਹੀ ਸਾਡੇ ਸਾਮਣੇ ਰਿਜ਼ਲਟ ਮਿਲ ਜਾਂਦਾ ਹੈ ਠੀਕ ਇਸੀ ਤਰ੍ਹਾਂ ਹਰਇਕ ਪ੍ਰਾਣੀ ਭਾਵ ਜੀਵਾਤਮਾ ਦੇ ਕਰਮਾਂ ਦੇ ਹਿਸਾਬ ਅਨੁਸਾਰ ਉਸ ਨੂੰ ਨਵਾਂ ਸ਼ਰੀਰ ਧਾਰਣ ਕਰਣਾ ਪੈਂਦਾ ਹੈ। ਇਹ ਕਰਮ ਨਿਰੰਤਰ ਚਲਦਾ ਹੀ ਰਹਿੰਦਾ ਹੈ। ਜਦ ਤਕ ਜੀਵਾਤਮਾ ਯਾ ਮਨੁੱਖ ਅਪਣੇ ਕਰਮਾਂ ਨੂੰ ਰਬ ਦੀ ਰਜ਼ਾ ਦੇ ਅਨੁਸਾਰ ਨਹੀਂ ਕਰ ਲੈਂਦਾ ਭਾਵ ਇਹ ਕਿ ਜੀਵਾਤਮਾ ਆਪਣਾ ਬੈਲੇਸ (Balance) ਸਿਫਰ (0) ਨਹੀਂ ਕਰ ਲੈਂਦਾ।

ਹੁਣ ਸੁਆਲ ਇਹ ਹੈ ਕਿ ਜੀਵਾਤਮਾ ਪ੍ਰਭੂ ਚਰਣਾਂ ਵਿਚ ਕਿਸ ਬਿਧੀ ਸਵੀਕਾਰੀ ਜਾਵੇਗੀ?

ਇਸ ਵਿਸ਼ੇ' ਚ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀ ਬਾਣੀ, ਸਾਡਾ ਬਾਰ-ਬਾਰ ਮਾਰਗ ਦਰਸ਼ਨ ਕਰ ਰਹੀ ਹੈ, ਜਿਵੇ:-

**ਵਿਣੁ ਤੁਧ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥**

**ਦੇਹਿ ਨਾਮੁ ਸੰਤੋਖੀਆ, ਉਤਰੈ ਮਨ ਕੀ ਭੁਖ ॥**

ਵਾਰ ਰਾਮ ਕਲੀ ਮ. 5 ਅੰਗ 958

## ਯਥਾਂ

**ਰਾਜੁ ਨ ਚਾਹਉ ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ॥**

**ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥**

ਰਾਗ ਦੇਵ ਗੰਧਾਰੀ ਮਹਲਾ 5 ਅੰਗ 534

ਰੱਬ ਦੀ ਹੋਂਦ ਨੂੰ ਵਿਗਿਆਨੀ ਅਤੇ ਕੱਮਿਉਨਿਸਟ ਦਕਿਆ ਨੂਸੀ ਵਿਚਾਰਧਾਰਾ ਦਸ ਕੇ ਭਾਰੀ ਖੰਡਨ ਕਰਦੇ ਸਨ ਅਤੇ ਧਾਰਮਿਕ ਰਹਿਣੀ ਬਹਿਣੀ ਨੂੰ ਮਨੁੱਖਾਂ ਨੂੰ ਲਗੀ ਹੋਈ ਅਫੀਸ। ਜਿਸ ਦਾ ਨਸ਼ਾ ਛੁਟ ਦਾ ਨਹੀਂ। ਅਸਲ ਵਿੱਚ ਓਹ ਲੋਕ ਅਪਣੀ ਥਾਂ ਠੀਕ ਵੀ ਸਨ ਕਿਉਂਕਿ ਉਨ੍ਹਾਂ ਧਾਰਮਿਕ ਲਿਬਾਸ ਵਿਚ ਠਗਾਂ ਨੂੰ ਹੀ ਵੇਖਿਆ ਸੀ। ਕਿਸੇ ਪੂਰਣ ਪੁਰਖ ਦੇ ਦਰਸ਼ਨ ਕਰਣ ਦਾ ਉਨ੍ਹਾਂ ਨੂੰ ਸੁਭਾਗ ਪ੍ਰਾਪਤ ਜੋ ਨਹੀਂ ਸੀ ਹੋਇਆ।

ਖੈਰ-- ਇਸ ਲਈ ਨਾਸਤਿਕ ਲੋਗਾ ਦਾ ਕਈ ਦੇਸ਼ਾਂ ਵਿਚ ਬਹੁਤ -ਬੋਲ -ਬਾਲਾ ਸੀ। ਹੁੰਦਾ ਵੀ ਕਿਉਂ ਨਾ, ਜੋ ਲੋਕ ਧਰਮ-ਕਰਮ ਵਿਚ ਆਸਥਾਂ ਨਾਲ ਜੁੜੇ ਹੁੰਦੇ ਸਨ। ਓਹ ਲੋਕ ਰੱਬ ਦੀ ਹੋਂਦ ਦਾ ਕੋਈ ਪੱਕਾ ਪ੍ਰਮਾਣ ਨਹੀਂ ਪੇਸ਼ ਕਰ ਸਕਦੇ ਸਨ। ਉਨ੍ਹਾਂ ਦਾ ਸਿਰਫ ਇਨ੍ਹਾਂ ਹੀ ਕਹਿਣਾ ਹੁੰਦਾ ਕਿ ਰੱਬ ਇੱਕ ਸ਼ਕਤੀ ਹੈ, ਕੋਈ ਵਿਅਕਤੀ ਨਹੀਂ। ਇਸ ਲਈ ਉਸ ਦੀ ਹੋਦ ਨੂੰ ਕਣ-ਕਣ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ। ਉਦਾਹਰਣ ਲਈ ਮਨੁੱਖੀ ਸ਼ਰੀਰ ਦੀ ਰਚਨਾ ਹੀ ਉਸ ਪਰਮ ਪਿਤਾ ਪਰਮੇਸ਼ਵਰ ਦੀ ਅੱਧਭੁਤ ਕਲਾ ਹੈ। ਜੋਕਿ ਉਸ ਦੀ ਹੋਂਦ ਦਾ ਪੱਕਾ ਪਰਮਾਣ ਹੈ।

ਇਸ ਦੁਬਿਧਾ ਦੇ ਕਾਰਣ ਕੁਝ ਪਾਖੰਡੀਆਂ ਨੇ ਅਪਣੀ ਜੀਵਕਾ ਦੇ ਸਾਧਨ ਰੂਪ ਵਿਚ ਧਰਮ-ਕਰਮ ਨੂੰ ਜਨਸਾਧਾਰਣ ਦੇ ਸਨਮੁਖ ਅੰਧਵਿਸਵਾਸ ਦੇ ਰੂਪ ਵਿਚ ਵਿਕਸਿਤ ਕੀਤਾ ਅਤੇ ਜਨਤਾ ਨੂੰ ਗੁਮਰਾਹ ਕਰ ਕੇ ਕਰਮ-ਕਾਂਡ ਦੇ ਝੂਠੇ ਜੰਜਾਲ ਵਿਚ ਫਸਾ ਕੇ ਅਪਣਾ ਉੱਲੂ ਸਿਧਾ ਕੀਤਾ। ਜਿਸ ਕਾਰਣ ਜਨ ਸਮੂਹ ਭਟਕ ਗਿਆ ਅਤੇ ਪਥ-ਭ੍ਰਸ਼ਟ ਹੋਕੇ ਕਈ ਸਮੂਹਾਂ ਵਿਚ ਵੰਡਿਆ ਗਿਆ। ਇਸ ਤਰ੍ਹਾਂ ਇਕ-ਦੂਜੇ ਦੇ ਪੰਥਾਂ ਦੀ ਨਿੰਦਾ ਕਰਨੇ ਲਗੇ। ਜਦੋ ਕਿ ਸਾਰੇ ਜਾਣ ਦੇ ਹੀ ਸਨ ਕਿ ਪਰਮ ਪਿਤਾ ਪਰਮੇਸ਼ਵਰ ਇਕੋ ਹੀ ਹੈ। ਜਦੋਂ ਕਿ ਉਹ ਸਰਵਵਿਆਪਕ ਅਤੇ ਸਰਵ ਸ਼ਕਤੀਮਾਨ ਹੈ। ਭਾਵ ਇਹ ਕਿ ਰੋਮ-ਰੋਮ ਵਿਚ ਰਮੇ ਰਾਮ ਨੂੰ ਨ ਪਹਿਚਾਣ ਕੇ ਆਪਸ ਵਿਚ ਮਤਭੇਦਾ ਵਿਚ ਹੀ ਉੱਲਝ ਕੇ ਅਪਣਾਂ ਸਮਾਂ ਅਤੇ ਧਨ ਵਿਅਰਥ ਨਸ਼ਟ ਕਰਦੇ ਰਹਿੰਦੇ ਹਨ।

ਇਹ ਕਮ ਸਿਰਫ ਘਟ ਪੜ੍ਹੇ-ਲਿਖੇ ਹੀ ਨਹੀਂ ਕਰਦੇ ਬਲਕਿ ਉੱਚ ਸਿਖਿਆ ਪ੍ਰਾਪਤ ਮਨੁੱਖ ਵੀ ਬਿਨ੍ਹਾਂ ਵਿਵੇਕ ਦੇ ਕਰੀ ਜਾ ਰਹੇ ਹਨ। ਸੱਚਾਈ ਤਾਂ ਇਹ ਹੀ ਹੈ ਕਿ ਸਾਰੀ ਮਨੁੱਖਤਾਂ ਦਾ ਧਰਮ ਇਕੋ ਹੀ ਹੈ-ਉਹ ਹੈ ਸੱਚਾਈ ਤੇ ਅਧਾਰਿਤ ਉੱਜਵਲ ਜੀਵਨ ਜੀਣਾ। ਜਿਸ ਕ੍ਰਿਆ ਨਾਲ ਸਾਡੇ ਮਨ ਵਿਚ ਖੇੜਾ ਉਪਜੇ ਅਤੇ ਸ਼ਾਂਤੀ ਆ ਜਾਵੇ। ਵੈਸੇ ਰਬ ਦਾ ਇਕ ਪ੍ਰਾਈਵਾਚੀ ਸ਼ਬਦ ਵੀ ਹੈ:-

## ਸੱਚੀਦਾਨੰਦ ਅਰਥਾਤ ਸਤ + ਚਿਤ + ਆਨੰਦ

ਜਿਨ੍ਹਾਂ ਕਰਮਾਂ ਨੂੰ ਅਸੀ ਧਰਮ-ਕਰਮ ਦੀ ਸ਼ਰੇਣੀ ਵਿਚ ਰਖਦੇ ਹਾਂ। ਓਹ ਸਾਰੇ ਸਿਰਫ ਰਸਤੇ ਮਾਤ੍ਰ ਹੀ ਹਨ ਜਿਨ੍ਹਾਂ ਨੂੰ ਅਸੀ ਪੰਥ ਕਹਿ ਸਕਦੇ ਹਾਂ। ਇਹ ਅਲਗ-ਅਲਗ ਕਰਮ ਜਾ ਪੱਧਤੀਆਂ ਰਬ ਕੇ ਨੇੜੇ ਵੀ ਲੈ ਆਉਂਦੀਆਂ ਹਨ ਅਤੇ ਬਹੁਤ ਸਾਰੇ ਲੋਕ ਉਸ ਪ੍ਰਭੁ ਵਿਚ ਅਭੇਦ ਹੋਂਦੇ ਵੇਖੇ ਵੀ ਗਏ ਹਨ ਪਰ ਇਹ ਸਭ ਕਮ ਮਨ ਨਾਲ ਕੀਤੇ ਗਏ ਹੋਵਨ ਤਾਂ ਹੀ ਸਫਲਤਾ ਮਿਲਦੀ ਹੈ। ਪਰ ਜਗ ਦਿਖਾਵਾ ਅਤੇ ਪਾਖੰਡ ਹੀ ਬਹੁਤਾ ਹੁੰਦਾ ਹੈ। ਪਰ ਸਾਨੂੰ ਬਹੁਤ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਆਦਾ ਤਰ ਲੋਕ ਸਵਾਰਥੀਂ, ਧਰਮ ਦੇ ਠੇਕੇਦਾਰਾ ਦੁਆਰਾ ਭ੍ਰਮਿਤ ਕੀਤੇ ਜਾ ਰਹੇ ਹੁੰਦੇ ਹਨ ਓਹ ਲੋਕ ਉਨ੍ਹਾਂ ਕਮਾਂ ਨੂੰ ਧਰਮ-ਕਰਮ ਦਸ ਰਹੇ ਹੁੰਦੇ ਹਨ, ਜਿਨ੍ਹਾਂ ਕਮਾਂ ਨੂੰ ਕਰਣ ਨਾਲ ਉਨ੍ਹਾਂ, ਲੋਕਾਂ ਦੀ ਰੋਜ਼ੀ-ਰੋਟੀ ਬ-ਖੂਬੀ ਚਲ ਰਹੀ ਹੁੰਦੀ ਹੈ ਇਸ ਤਰ੍ਹਾਂ ਜਿਗਿਆਸੁ ਭਟਕਦੇ ਚਲੇ ਜਾਂਦੇ ਹਨ। ਭਟਕੇ ਹੋਏ ਲੋਕ ਜੋ ਵੀ ਧਰਮ ਦੇ ਨਾਮ ਨਾਲ ਕਮ ਕਰਦੇ ਹਨ ਵਾਸਤਵ ਵਿਚ ਉਨ੍ਹਾਂ ਕਮਾਂ ਵਿਚ ਲੇਸ਼ ਮਾਤ੍ਰ ਵੀ ਪ੍ਰਭੁ ਨਾਲ ਮਿਲਣ ਯਾ ਉਸ ਦੀ ਨੇੜਤਾ ਦੀ ਆਸ ਨਹੀਂ ਹੁਦੀ।

ਹਾਂ ਇਹ ਤਾਂ ਸੱਚ ਹੈ ਸਾਰੇ ਪੰਥ (ਰਾਹ) ਪ੍ਰਭੁ ਚਰਣਾਂ ਵਿਚ ਅਭੇਦ ਕਰ ਸਕਣ ਦੇ ਸਮਰਥ ਹਨ। ਕੋਈ ਵੀ ਗਲਤ ਨਹੀਂ ਪਰ ਬੁੱਧਿਜੀਵੀਆਂ ਨੇ ਇਹ ਖੁਦ ਪਹਿਚਾਨਣਾ ਹੈ ਕਿ ਕਿਹੜਾ ਪੰਥ ਸਹਜ ਅਤੇ ਸਰਲ ਹੈ ਜੋ ਘਟ ਪਰੀਸ਼੍ਰਮ ਅਤੇ ਘਟੋ-ਘਟ ਸਮੇਂ ਵਿਚ ਸਾਡੇ ਸੁਆਸਾਂ ਦੀ ਪੂੰਜੀ ਨੂੰ ਸਫਲ ਕਰ ਸਕਦਾ ਹੈ।

ਇਸ ਗਲ ਨੂੰ ਮਸਝਣੇ ਲਈ ਇਥੇ ਇਕ ਉਦਾਹਰਣ ਦਿਤਾ ਜਾ ਰਿਹਾ ਹੈ- ਮੰਨ ਲਵੋ ਮੈਨੂੰ ਹਜ ਯਾ ਤੀਰਥ ਯਾਤ੍ਰਾ (ਚਾਰ ਧਾਮ) ਕਰਨੇ ਜਾਣਾ ਹੈ। ਹਜ ਯਾਤ੍ਰਾ ਦੇ ਲਈ ਕਈ ਰਸਤੇ ਹਨ। ਪੁਰਾਤਨ ਸਮੇਂ ਵਿਚ ਲੋਕ ਇਰਾਨ, ਇਰਾਕ ਹੁੰਦੇ ਹੋਏ ਸਾਉਦੀ ਅਰਬ ਪਹੁੰਚਦੇ ਸਨ ਜਿਥੇ 'ਕਾਬਾ' ਮਸਜਿਦ ਹੈ। ਅਜ-ਕਲ ਮੁੰਬਈ ਤੋਂ ਸਮੁਦਰੀ ਜਹਾਜ ਰਾਹੀ ਜੱਦਾ ਬੰਦਰ ਗਾਹ ਤੇ ਪਹੁੰਚ ਦੇ ਹਨ ਫਿਰ ਉਥੋ ਮੱਕਾ ਨਗਰ ਨੇੜੇ ਹੀ ਹੈ। ਤੀਜਾ

ਰਸਤਾ ਹੈ ਦਿੱਲੀ ਹਵਾਈ ਅੱਡੇ ਤੋਂ ਸਿਧਾ ਮੱਕਾ ਨਗਰ ਲਈ ਜਾਇਆ ਜਾਂਦਾ ਹੈ। ਹੁਣ ਤੁਸੀ ਆਪ ਹੀ ਵਿਚਾਰ ਕਰੋ। ਘਟ ਸਮੇਂ ਅਤੇ ਘਟ ਮਹਿਨਤ ਨਾਲ ਕਿਸ ਨੇ ਹਜ ਯਾਤ੍ਰਾ ਕੀਤੀ?

ਇਹ ਤਾਂ ਸਪਸ਼ਟ ਹੀ ਹੈ ਕਿ ਹਵਾਈ ਰਾਹ ਹੀ ਅਸਾਨ ਸੀ ਪਰ ਇਸ ਵਿਚ ਧਨ (ਰੁਪੈ) ਬਹੁਤ ਲੋੜੀਂਦੇ ਸਨ। ਜੋਕਿ ਹਰਇਕ ਦੇ ਵਸ ਦੀ ਗਲ ਨਹੀਂ।

ਠੀਕ ਇਸੀ ਤਰ੍ਹਾਂ ਲੋਕ ਰਾਮ-ਨਾਮ ਰੂਪੀ ਧਨ ਕਮਾਉਂਣਾ ਹੀ ਨਹੀਂ ਚਾਉਦੇ। ਸਿਰਫ ਕਰਮ-ਕਾਂਡਾਂ ਨਾਲ ਪ੍ਰਭੁ ਪ੍ਰਾਪਤੀ ਦੀ ਕਾਮਨਾ ਕਰਦੇ ਹਨ। ਜੋਕਿ ਬਹੁਤ ਲੰਬਾ ਮਾਰਗ ਹੈ। ਇਸ ਵਿਧੀ ਦੁਆਰਾ ਪ੍ਰਭੁ ਪ੍ਰਾਪਤੀ ਨਾਮੁਮਕਿਨ ਤਾਂ ਨਹੀ ਪਰ ਕਈ ਜਨਮ ਲਗ ਸਕਦੇ ਹਨ।

**ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ॥**

**ਨਿਰਬਾਣ ਕੀਰਤਨ ਗਾਵਹੁ ਕਰਤੇ ਕਾ, ਨਿਮਖ ਸਿਮਰਤ ਜਿਤੁ ਛੂਟੈ॥**

ਸੂਹੀ ਮਹਲਾ 5, ਅੰਗ 747

ਅਧਿਆਤਮਿਕ ਦੁਨੀਆਂ ਅੰਦਰ ਬਾਰ-ਬਾਰ ਜਨਮ-ਮਰਨ ਹੀ ਜੀਵਾਤਮਾ ਦਾ ਸਭ ਤੋਂ ਵੱਡਾ ਦੁਖ ਮਨਿਆ ਜਾਂਦਾ ਹੈ। ਇਸ ਦੁਖ ਤੋਂ ਜੀਵਾਤਮਾਂ ਛੁੱਟਕਾਰਾ ਪ੍ਰਾਪਤ ਕਰਣਾ ਚਾਹੁੰਦੀ ਹੈ ਜੋਕਿ ਸਿਰਫ ਕਰਮ-ਕਾਂਡਾਂ ਤੋਂ ਮਿਲ ਨਹੀਂ ਸਕਦਾ। ਸਿਰਫ ਰਾਮ-ਨਾਮ ਦੇ ਭਜਨ ਤੋਂ ਪ੍ਰਾਪਤ ਹੋਣ ਵਾਲੀ ਅਵਸਥਾ ਨੂੰ ਅਸੀ ਨਿਗੁਣੇ ਕਰਮਾਂ ਨਾਲ ਪ੍ਰਾਪਤੀਆਂ ਦਿਆਂ ਇੱਛਾਵਾਂ ਰਖਦੇ ਹਾਂ ਜੋਕਿ ਸੰਭਵ ਨਹੀਂ। ਇਸ ਲਈ ਸੁਆਰਥੀ ਅਤੇ ਭੇਖੀ ਸੰਤਾਂ ਨੂੰ ਜਨ-ਸਾਧਾਰਣ ਨੂੰ ਪਥ ਭ੍ਰਸ਼ਟ ਕਰਣ ਦਾ ਸ਼ੁਭ ਅਵਸਰ ਮਿਲ ਜਾਂਦਾ ਹੈ। ਇਕ ਤਾਂ ਓਹ ਲੋਕ ਸਾਡਾ ਸ਼ੋਸ਼ਣ ਕਰਦੇ ਹੀ ਹਨ। ਦੂਜਾ ਅਸਾਨੂੰ ਗੁਮਰਾਹ ਕਰਕੇ ਸਾਡਾ ਮਨੁੱਖੀ ਜਨਮ ਅਸਫਲ ਕਰ ਦੇਂਦੇ ਹਨ। ਇਸ ਗਲ ਦੀ ਗੁਰਬਾਣੀ ਪਰੋੜਤਾ ਕਰਦੀ ਹੈ। ਗੁਰੁਵਾਕ ਹੈ:-

**ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥**

ਰਾਮਕਲੀ ਮਹਲਾ 1 ਦਖਣੀ ਓਅੰਕਾਰ, ਅੰਗ 932

ਅਖੌਤੀ ਗੁਰੂਵਾਂ ਕਰਕੇ ਆਵਾਗਵਨ ਦਾ ਚੱਕਰ ਬਨਿਆਂ ਹੀ ਰਹਿੰਦਾ ਹੈ, ਕਿਉਂਕਿ ਅਧੂਰਾ ਗੁਰੂ ਜੋਕਿ ਖੁਦ ਮੋਖ (ਜੀਵਨ ਮੁਕਤ) ਨਹੀਂ ਹੋਇਆ। ਉਸ ਦੁਆਰਾ ਦਿਤੀ ਗਈ ਦੀਖਿਆ ਨਾਲ ਸਾਨੂੰ ਵੀ

ਮੁਕਤੀ ਨਹੀਂ ਮਿਲ ਸਕਦੀ। ਓਹ ਇਸ ਲਈ ਕਿ ਕੱਚਾ ਗੁਰੂ ਖੁਦ ਤ੍ਰਿਸ਼ਣਾਵਾਂ ਅਤੇ ਅਹੰਕਾਰ ਰੂਪੀ ਅਗਨੀ ਅੰਦਰ ਜਲ ਰਿਹਾ ਹੁੰਦਾ ਹੈ।

**ਪੂਰੇ ਗੁਰ ਕੀ ਪੂਰੀ ਦੀਖਿਆ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥**

ਗਉੜੀ ਮਹਲਾ 5, ਅੰਗ 193

ਇਹ ਗਲ ਸਰਵਬਿਦਿਤ ਹੈ ਕਿ ਪੂਰਣ ਸਤਿਗੁਰੂ ਦੀ ਦਿਖਿਆ ਬਿਨਾਂ ਕਿਸੀ ਵੀ ਜੀਵਾਤਮਾ ਨੂੰ ਕੁਦਰਤ ਮੁਕਤੀ ਦਾਨ ਨਹੀਂ ਦੇਂਦੀ। ਇਸ ਲਈ ਸਾਨੂੰ ਪਹਿਲਾ ਪੂਰਣ ਗੁਰੂ ਦੀ ਪਰਿਭਾਸ਼ਾ ਦਾ ਗਿਆਨ ਹੋਣਾ ਅਤਿ ਲਾਜ਼ਮੀ ਹੈ।

**ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ॥**

**ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ॥**

ਰਾਗ ਗਉੜੀ ਸੁਖਮਨੀ ਮਹਲਾ 5, ਅੰਗ 286

ਜਿਵੇਂ ਕਿ ਅਸੀਂ ਜਾਣਦੇ ਹੀ ਹਾਂ। ਭਗਤ ਕਬੀਰ ਜੀ ਨੂੰ ਵੀ ਗੁਰੂ ਧਾਰਣ ਕਰਣਾ ਪਿਆ ਸੀ। ਇਸ ਗਲ ਨੂੰ ਉਹ ਵੀ ਜਾਣਦੇ ਸਨ ਕਿ ਬਿਨਾਂ ਪੂਰਣ ਗੁਰੂ ਦੀ ਦੀਖਿਆ ਲਿਆ ਮੇਰਾ ਭਜਨ ਫਲੀਭੂਤ ਨਹੀਂ ਹੋਣਾ। ਇਹ ਗਲ ਠੀਕ ਹੈ ਉਨ੍ਹਾਂ ਦਿਨਾਂ 'ਚ ਕਿਸੀ ਖਾਸ ਮਨੁੱਖ ਨੂੰ ਗੁਰੂ ਧਾਰਣ ਕਰਣ ਦੀ ਮਰਿਆਦਾ ਸੀ। ਪਰੰਤੂ ਸਮਾਂ ਬਦਲਣ ਨਾਲ ਸਤਿਗੁਰੂ ਕਿਸ ਨੂੰ ਧਾਰਣ ਕਰੀਏ ਇਹ ਸਮਸਿਆ ਭਾਂਇਕਰ ਰੂਪ ਧਾਰਣ ਕਰ ਗਈ, ਕਿਉਂਕਿ ਜਿਆਦਾ ਤਰ ਸਾਧੂ-ਸੰਨਿਆਸੀ ਭਗਵੇ ਵੇਸ ਵਿਚ ਬਨਾਰਸ ਦੇ ਠਗ ਹੀ ਹੁੰਦੇ ਸਨ। ਇਸ ਲਈ ਸਮਾਜ ਦਾ ਇਨ੍ਹਾਂ ਲੋਕਾਂ ਤੋਂ ਵਿਸਵਾਸ ਉਠ ਗਿਆ। ਇਤਿਹਾਸ ਗਵਾਹ ਹੈ ਕਿ ਤੀਜੇ ਗੁਰੂ ਸ੍ਰੀ ਅਮਰ ਦਾਸ ਜੀ, ਜਦੋਂ ਯੁਵਾਸਥਾ ਵਿਚ ਸਨ ਤਾਂ ਉਹ ਪੂਰਣ ਗੁਰੂ ਧਾਰਣ ਦੀ ਅਭਿਲਾਖਾ ਲੈ ਕੇ ਹਰ ਸਾਲ ਹਰਿਦੁਆਰ ਅਤੇ ਰਿਸ਼ੀਕੇਸ਼ ਆਦਿ ਤੀਰਥਾਂ ਤੇ ਜਾਂਦੇ ਸਨ ਪਰ ਉਹ 20 ਸਾਲ ਇਸੀ ਤਰ੍ਹਾਂ ਭਟਕ ਦੇ ਰਹੇ ਪਰ ਉਨ੍ਹਾਂ ਦੀ ਕਸੌਟੀ ਤੇ ਕੋਈ ਸੰਨਿਆਸੀ ਯਾ ਡੇਰੇਦਾਰ ਖਰਾ ਨਹੀਂ ਉਤਰਿਆ। ਉਨ੍ਹਾਂ ਦੀ ਪਾਰਖੂ ਦ੍ਰਿਸ਼ਟੀ ਇਨ੍ਹਾਂ ਲੋਕਾਂ ਦੀਆਂ ਕਮਜੋਰੀਆਂ ਭਾਪ ਜਾਂਦਿਆ ਸਨ। ਇਸ ਲਈ ਉਹ ਹਰ ਵਾਰ ਨਿਗੁਰੇ ਵੀ ਵਾਪਿਸ ਆ ਜਾਂਦੇ ਸਨ। ਪਰ ਉਨ੍ਹਾਂ ਨੂੰ ਪੂਰਣ ਵਿਸਵਾਸ ਸੀ ਕਿ ਤੇਰੀ ਮਹਿਨਤ ਵਿਅਰਥ ਨਹੀ ਜਾਏਗੀ। ਇਕਵਾਰ

ਤੀਰਥ ਯਾਤ੍ਰਾ ਤੋਂ ਵਾਪਿਸ ਆਉਂਦਿਆ ਇਕ ਸੰਨਿਆਸੀ ਨੇ ਉਨ੍ਹਾਂ ਤੇ ਵਿਅੰਗ ਕੀਤਾ ਕਿ ਤੂੰ ਤਾਂ ਨਿਗੁਰਾ ਮਨੁੱਖ ਹੈਂ। ਇਸ ਲਈ ਤੇਰਾ ਜਪ-ਤਪ ਸਭ ਵਿਅਰਥ ਹਨ। ਇਹ ਵਿਅੰਗ ਬਾਣ ਉਨ੍ਹਾਂ ਦੇ ਹਿਰਦੇ ਨੂੰ ਚੀਰ ਗਿਆ। ਤਾਂ ਉਨ੍ਹਾਂ ਨੇ ਪ੍ਰਭੂ ਚਰਨਾਂ ਵਿਚ ਇਕਰਾਰ ਹੋ ਕੇ ਬਨਤੀ ਕੀਤੀ ਕਿ ਹੇ ਪ੍ਰਭੂ ਮੇਰੀ ਭੇਂਟ ਕਿਸੀ ਪੂਰਣ ਪੁਰਖ ਨਾਲ ਕਰਵਾਓ ਜੀ। ਜਿਸ ਨੂੰ ਮੈਂ ਸਤਿ ਗੁਰੂ ਸਵਿਕਾਰ ਕਰ ਸਕਾ। ਬਸ ਫਿਰ ਕੀ ਸੀ ਉਨ੍ਹਾਂ ਦੀ ਅਰਦਾਸ ਪ੍ਰਭੂ ਚਰਨਾਂ ਵਿਚ ਸਵੀਕਾਰ ਹੋ ਗਈ ਅਤੇ ਉਨ੍ਹਾਂ ਦੀ ਭੇਟ ਗੁਰੂ ਨਾਨਕ ਦੇਵ ਜੀ ਦੀ ਬਾਣੀ ਰਾਹੀਂ ਉਨ੍ਹਾਂ ਦੇ ਉੱਤਰਾਧਿਕਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਹੋ ਗਈ। ਉਹ ਉਨ੍ਹਾਂ ਦੀ ਕਸੌਟੀ ਤੇ ਖਰੇ ਉੱਤਰੇ ਤਾ ਉਹ ਗਦ-ਗਦ ਹੋ ਗਏ ਅਤੇ ਉਨ੍ਹਾਂ ਦੇ ਚਰਨਾਂ ਵਿਚ ਰਹਿ ਕੇ ਸੇਵਾ, ਸਿਮਰਨ ਨਾਲ ਆਪਣੇ ਸੁਆਸਾਂ ਦੀ ਪੂੰਜੀ ਨੂੰ ਸਫਲ ਕਰਨ ਲਗੇ।

**ਮਤ ਕੋ ਭਰਮਿ ਭੂਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥**

(ਰਾਗ ਗੋਂਡ ਮਹਲਾ 5, ਅੰਗ 864)

ਉਪਰੋਤਕ ਪੰਗਤੀਆਂ ਦੇ ਭਾਵਾਰਥ ਹਨ ਐਸਾ ਪੁਰਖ ਜੋ ਸਤਿ-ਚਿਤ -ਆਨੰਦ ਵਿਚ ਆਪਣੇ ਚਿੰਨਤਨ ਮਨਨ ਨਾਲ ਅਭੇਦ ਹੋ ਗਿਆ ਹੋਵੇ। ਉਸੀ ਪੁਰਖ ਨੂੰ ਸਤਿਗੁਰੂ ਮਨ ਕੇ ਉਸੀ ਪਾਸੋਂ ਗੁਰੂ ਦੀਖਿਆ ਲੈ ਕੇ, ਉਨ੍ਹਾਂ ਦੁਆਰਾ ਦਸੀ ਗਈ ਸਿਖਿਆ ਤੇ ਆਚਰਣ ਕਰਦੇ ਹੋਏ, ਇਸੀ ਜੀਵਨ ਵਿਚ ਇਸੀ ਸ਼ਰੀਰ ਵਿਚ ਮੋਖ (ਮੁਕਤੀ) ਪ੍ਰਾਪਤ ਕਰ ਪ੍ਰਭੂ ਚਰਨਾਂ ਵਿਚ ਆਭੇਦ ਹੋ ਸਕਦੇ ਹਾਂ।

ਅਸਲ ਵਿਚ ਮੌਤ ਤੋਂ ਬਾਦ ਕਿਸੀ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਜੋ ਵੀ ਪ੍ਰਾਪਤ ਹੋਣਾ ਹੈ ਇਸੀ ਸ਼ਰੀਰ ਵਿਚ, ਇਸੀ ਸੰਸਾਰ ਵਿਚ ਆਪਣੇ ਸਾਰੇ ਸਮਾਜਿਕ ਫਰਜ਼ ਲਭਾਦੈ ਹੋਏ ਗ੍ਰਹਸਥ ਆਸ਼ਰਮ ਵਿਚ ਮਿਲ ਜਾਂਦਾ ਹੈ।

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ, ਜੁਗਤਿ ॥**

**ਹਸੰਦਿਆਂ ਖੇਲੰਦਿਆਂ ਪੈਨੰਦਿਆ ਖਾਵੰਦਿਆਂ ਵਿਚੇ ਹੋਵੈ ਮੁਕਤਿ ॥**

(ਰਾਗ ਗੂਜਰੀ ਮਹਲ 5 ਅੰਗ 522)

ਇਸ ਗਲ ਨੂੰ ਸਮਝਣੇ ਲਈ ਅਸੀਂ ਸਾਧਾਰਣ ਵਿਦਿਆਰਥੀਆਂ ਨੂੰ ਵੇਖਾਗੇ। ਮਨ ਲਓ ਕੋਈ ਇਕ ਵਿਦਿਆਰਥੀ ਮੈਟ੍ਰਿਕ ਦੀ ਸ਼ਿਖਿਆ ਵਿਚੋਂ ਪਾਸ ਹੋਣਾ ਚਾਹੀਦਾ ਹੈ ਤਾਂ ਉਸ ਵਿਦਿਆਰਥੀ ਨੂੰ ਉਸੀ ਕਲਾਸ ਵਿਚ ਰਹਿੰਦੇ ਹੋਏ ਪਰੀਖਿਆ ਦੇ ਕੇ ਪਾਸ ਹੋਣ ਦਾ ਪਰਮਾਣ ਪਤ੍ਰ ਪ੍ਰਾਪਤ ਕਰਕੇ ਅਗੇ ਦੀ ਸਿਖਿਆ ਲਈ ਇਸੀ ਦੂਜੇ ਕਾਲਜ ਵਿਚ ਅਗਲੀ ਸਿਖਿਆ ਪ੍ਰਾਪਤੀ ਲਈ ਆਗਿਆ ਮਿਲੇਗੀ। ਪਹਿਲਾਂ ਨਹੀਂ?

ਠੀਕ ਇਸੀ ਤਰ੍ਹਾ ਸਮਸਤ ਜੀਵਾਤਮਾਵਾਂ ਨੂੰ ਇਸੀ ਸ਼ਰੀਰ ਵਿਚ ਰਹਿ ਕੇ ਮਾਤ ਲੋਕ ਦੀ ਪਰੀਖਿਆ ਪਾਸ ਕਰਨੀ ਹੁੰਦੀ ਹੈ। ਨਹੀਂ ਤਾ ਬਾਰ-ਬਾਰ ਫੇਲ (ਅਸਫਲ) ਹੋਣ ਤੇ ਬਾਰ-ਬਾਰ ਜਨਮ ਲੈਣਾ ਪੈਂਦਾ ਹੈ।

ਹੁਣ ਫਿਰ ਉਹੀ ਪ੍ਰਸ਼ਨ ਸਾਡੇ ਸਾਮਣੇ ਹੈ ਕਿ ਆਧਿਆਤਮਿਕ ਦੁਨੀਆਂ ਵਿਚ ਗੁਰੂ ਕਿਸ ਮਨੁੱਖ ਨੂੰ ਧਾਰਣ ਕਰੀਏ ਅਤੇ ਇਹ ਇਸ ਤਰ੍ਹਾ ਤੈ ਕਰੀਏ ਕਿ ਉਹ ਇਕ ਖਾਸ ਪੁਰਖ ਪੂਰਣ ਸਤਿਗੁਰੂ ਹੈ ਭਾਵ ਸਾਡੇ ਪਾਸ ਕਿਹੜੀ ਕਸੌਟੀ ਹੋਵੇਗੀ ਜਿਸ ਨਾਲ ਅਸੀਂ ਪਰੀਖਿਏ ਕਿ ਇਹ ਮਨੁੱਖ, ਜਿਸ ਨੂੰ ਅਸੀਂ ਗੁਰੂ ਧਾਰਣ ਕਰਨ ਲਗੇ ਹਾਂ, ਜੀਵਨ ਮੁਕਤ ਹੈ?

ਇਸ ਉਲਝੀ ਹੋਈ ਸਮਸਿਆ ਦਾ ਗੁਰੂਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਸਮਾਧਾਨ ਕੱਢ ਕੇ ਮਾਨਵ ਸਮਾਜ ਦੇ ਸਾਮਣੇ ਰਖਿਆ ਹੈ। ਜਦੋਂ ਗੁਰੂਦੇਵ ਜੀ ਪ੍ਰਚਾਰ ਦੌਰਿਆ ਤੇ ਸਨ ਤਾਂ ਉਨ੍ਹਾਂ ਦੀ ਭੇਟ ਸਿੱਧ-ਜੋਗੀਆਂ ਨਾਲ ਹੋਈ। ਜੋਗੀਆਂ ਦਾ ਗੁਰੂਜੀ ਤੇ ਸੁਆਲ ਸੀ ਕਿ ਤੁਸਾਂ ਦਾ ਗੁਰੂ ਕੌਣ ਹੈ? ਜੁਆਬ ਵਿਚ ਗੁਰੂਜੀ ਨੇ ਉਨ੍ਹਾਂ ਨੂੰ ਦਸਿਆ ਕਿ ਮੇਰਾ ਕੋਈ ਖਾਸ ਮਨੁੱਖ ਗੁਰੂ ਨਹੀਂ। ਜਿਸ ਦਾ ਮੈਂ ਤੁਸਾਂ ਨੂੰ ਨਾਂ ਦਸਾਂ। ਅਸਲ ਵਿਚ ਮੇਰਾ ਗੁਰੂ ਹੈ ਉਹ ਪਰਮ ਪਿਤਾ ਪਾਰਬ੍ਰਹਮ ਪਰਮੇਸ਼ਵਰ। ਜਿਸ ਦਾ ਮੈਂ ਨਾਦ ਹਰ ਪਲ ਸੁਣਦਾ ਰਹਿੰਦਾ ਹਾਂ। ਭਾਵ ਮੇਰਾ ਗੁਰੂ ਸ਼ਬਦ ਹੈ ਜੋ ਮੇਰੀ ਸੁਰਤਿ ਵਿਚ ਧੁਨਿ ਰੂਪ ਵਿਚ ਸਮਾਈ ਰਹਿਦੀ ਹੈ। ਇਸ ਤੇ ਸਿੱਧ-ਯੋਗੀਆਂ ਨੇ ਹਠ ਕੀਤਾ ਕਿ ਆਪ ਇਸ ਗਲ ਦਾ ਸਾਡੇ ਸਾਹਮਣੇ ਵਿਸਤਾਰ ਰੂਪ ਵਿਚ ਵਰਣਨ ਕਰੋ।

ਤਦ ਗੁਰੂਦੇਵ ਜੀ ਨੇ ਉਚਾਰਣ ਕੀਤਾ :-

**ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**

ਰਾਗ ਰਾਮਕਲ ਅੰਗ 943

ਜਦੋਂ ਸਰਵਸ਼ਕਤੀ ਮਾਨ ਰੱਬ (ਸਚਿਦਾਨੰਦ) ਨੇ ਸ੍ਰਿਸ਼ਟੀ ਦੀ ਰਚਨਾਂ ਕੀਤੀ ਤਾਂ ਉਸਨੇ ਸਭ ਤੋਂ ਪਹਿਲਾਂ ਪਵਨ ਉਤਪਨ ਕੀਤੀ ਫਿਰ ਉਸ ਸਤਿਗੁਰੂਨੇ ਮੇਰੀ ਮਤਿ ਵਿਚ ਉਸ ਸ਼ਬਦ ਨਾਦ ਦੀ ਧਵਨੀ ਮੇਰੀ ਸੁਰਤਿ ਵਿਚ ਇਕ ਧੁਨਿ ਰੂਪ ਵਿਚ ਗੁੰਜਾ ਦਿੱਤੀ ਹੈ। ਬਸ ਇਹ ਹੀ ਮੇਰਾ ਗੁਰੂਪਿਤਾ ਹੈ।

ਇਸ ਗਲ ਨੂੰ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਦੇ ਅੰਤਿਮ ਸਮੇਂ ਵਿਚ ਵਿਆਵਾਰਿਕ ਰੂਪ ਦਿਤਾ। ਉਨ੍ਹਾਂ ਨੇ ਕਿਸੀ ਖਾਸ ਮਨੁੱਖ ਨੂੰ ਆਪਣਾ ਉੱਤਰਾਧਿਕਾਰੀ ਨਾ ਬਣਾ ਕੇ ਸਿਰਫ ਸ਼ਬਦ ਗੁਰੂ ਨੂੰ ਸਮਸਤ ਜਗਤ ਦਾ ਗੁਰੂ ਦਸ ਕੇ ਆਦਿ ਗ੍ਰੰਥ ਸਾਹਿਬ (ਪੋਥੀ ਸਾਹਿਬ) ਜੀ ਨੂੰ ਪਰਮਪਰਾ ਅਨੁਸਾਰ ਉਪਚਾਰਕਿਤਾ ਪੂਰੀ ਕਰ ਦੇ ਹੋਏ ਤਿਲਕ ਲਗਾ ਕਰ ਸੀਸ ਝੁਕਾ ਕੇ ਦਸਾਂ ਪਾਤਸਾਹੀਆਂ ਦੀ ਜੋਤਿ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਗਿਆ ਦਿਤੀ ਅਤੇ ਹੁਕਮ ਕੀਤਾ ਕਿ ਅੱਗਾ ਤੋਂ ਸਮਸਤ ਸਿੱਖ ਜਗਤ ਗੁਰੂ ਦੀਖਿਆ ਪੰਜਾ ਪਿਆਰਿਆਂ ਪਾਸੋਂ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਛੱਤਰ-ਛਾਇਆ ਵਿਚ ਲਿਆ ਕਰਣ ਗੇ। ਹੁਣ ਤੋਂ ਸੱਦਾ ਲਈ ਸਿੱਖ ਜਗਤ ਦਾ ਗੁਰੂ 'ਸ਼ਬਦ' ਰੂਪ ਵਿਚ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਹੀ ਹੋਣਗੇ।

ਅਜ ਤੋਂ ਬਾਦ ਕੋਈ ਇੱਕਲਾ ਮਨੁੱਖ ਸਿੱਖਾ ਦਾ ਗੁਰੂ ਨਹੀਂ ਹੋਵੇਗਾ। ਕਿਉਂਕਿ ਕਿਸੀ ਵੀ ਮਨੁੱਖ ਵਿਚ ਤਰੁਟੀਆਂ ਸੱਦਾ ਬਣੀਆ ਰਹਿੰਦੀਆਂ ਹਨ। ਇਸ ਲਈ ਪੰਜ ਪਿਆਰੇ ਉਹ ਮਾਨਵ ਹੁੰਦੇ ਹਨ ਜੋ ਕਿ ਗੁਰੂਗ੍ਰੰਥ ਸਾਹਿਬ ਦੀ ਬਾਣੀ ਅਤੇ ਰਹਿਤ ਮਰਿਆਦਾ ਅਨੁਸਾਰ ਜੀਵਨ ਜੀਉਂਦੇ ਹਨ। ਨੋਟ:- ਇਹ ਲੋਕ ਵੀ ਸਿਰਫ ਉਸੀ ਖਾਸ ਵਰਦੀ (ਵੇਸ-ਭੁਸ਼ਾ ) ਧਾਰਣ ਕਰਣ ਤੇ ਏਕਤ੍ਰ ਹੋਵਨ ਤਾਂ ਉਸ ਸਮੇਂ ਸਾਹਿਬ ਗੁਰੂਗ੍ਰੰਥ ਜੀ ਦੀ ਹਾਜ਼ਰੀ ਵੀ ਅਤਿ ਜਰੂਰੀ ਹੈ।

ਇਹ ਬਾਣੀ ਸਾਡਾ ਪਾਰਉਤਾਰਾ ਕਰੇਗੀ। ਕਿਉਂਕਿ ਇਸ ਗ੍ਰੰਥ ਸਾਹਿਬ ਅੰਦਰ 35 ਮਹਾਪੁਰਖਾਂ ਦੀ ਬਾਣੀ ਹੈ। ਉਹ ਆਪਣੇ ਜੀਵਨ ਕਾਲ ਵਿਚ ਹੀ ਪਾਰਬ੍ਰਹਮ ਪਰਮੇਸ਼ਵਰ ਵਿਚ ਅਭੇਦ ਹੋ ਚੁਕੇ ਸਨ ਭਾਵ ਇਹ ਕਿ ਆਵਾਗਮਨ ਤੋਂ ਮੁਕਤ (ਮੋਖ ) ਪ੍ਰਾਪਤ ਕਰ ਲਿਆ ਹੋਇਆ ਸੀ।

ਇਸ ਗਲ ਨੂੰ ਸਮਝਣ ਲਈ ਅਸੀਂ ਦੋ ਨਾਰੀਅਲ ਲਵਾਂਗੇ। ਇਕ ਕੱਚਾ ਅਤੇ ਇਕ ਪੱਕਾ ਹੋਇਆ । ਦੋਨਾਂ ਨੂੰ ਵਾਰੋ-ਵਾਰੀ ਤੋੜਾ ਗੇ । ਕੱਚਾ ਨਾਰਿਅਲ ਤੋੜਨ ਤੇ ਉਸ ਦੀ ਗਿਰੀ ਵੀ ਟੁੱਟ ਕੇ ਟੁਕੜੇ-ਟਕੁੜੇ ਹੋ ਜਾਏਗੀ। ਜਦੋਂ ਕਿ ਪੱਕਾ ਨਾਰੀਅਲ ਤੋੜਨ ਤੇ ਖੋਲ ਵਿਚੋਂ ਅਲਗ ਹੋ ਕੇ ਪੂਰੇ ਦਾ ਪੂਰਾ ਸਾਬਤੁ ਬਾਰ ਆ ਜਾਵੇਗਾ।

ਠੀਕ ਇਸੀ ਤਰ੍ਹਾ ਪੂਰਣ ਸਤਿਗੁਰੂ ਧਾਰਣ ਕਰਨ ਵਾਲੇ ਮਨੁੱਖ, ਗੁਰੂਮਰਿਆਦਾ ਅਨੁਸਾਰ ਜੀਵਨ ਜੀਉਂਦੇ ਹੋਏ ਪਰੀਪੱਕ ਹੋਕੇ, ਇਸੀ ਜੀਵਨ ਵਿਚ ਇਸ ਸਰੀਰ ਰੂਪੀ ਖੋਲ ਨੂੰ ਛਡ ਕੇ ਮੋਹ-ਮਾਇਆ ਦੇ ਜਾਲ ਨੂੰ ਕਟ ਕੇ ਅਜ਼ਾਦ ਜੀਵਨ ਜੀਉਂਦੇ ਹਨ। ਅਸਲ ਵਿਚ ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਇਕ ਜੀਵਾਤਮਾ ਹਾਂ ਸਰੀਰ ਨਹੀਂ ।ਸ਼ਰੀਰ ਤਾਂ ਇਕ ਮਕਾਨ ਦੇ ਸਮਾਨ ਹੈ। ਜਿਸ ਵਿਚ ਅਸਾਂ ਕੁਝ ਸਾਲ ਰਹਿਣਾ ਹੈ। ਇਹ ਸਾਨੂੰ ਆਰਜੀ ਮਿਲਿਆ ਹੋਇਆ ਇਕ ਸਾਧਨ ਮਾਤ੍ਰ ਹੈ। ਜਿਸ ਦਾ ਅਸੀਂ ਸਦਉਪਯੋਗ ਕਰਕੇ ਪਰਮ ਜੋਤਿ ਵਿਚ ਲੀਨ ਹੋਣਾ ਹੈ।

**ਹਰਖੁ ਸੋਗੁ ਜਾਕੈ ਨਹੀ, ਬੈਰੀ ਮੀਤ ਸਮਾਨਿ ॥**

**ਕਹੁ ਨਾਨਕ ਸੁਨਿ ਰੇ ਮਨਾ, ਮੁਕਤਿ ਤਾਹਿ ਤੈ ਜਾਨਿ ॥**

(ਸਲੋਕ ਮਹਲਾ 9 ਅੰਗ 1427)

**ਯਥਾ**

**ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ ॥**

(ਗਾਉੜੀ ਸੁਖਮਨੀ ਮ 5, ਅੰਗ)

**ਯਥਾ**

**ਓਹ ਧਨਵੰਤੁ ਕੁਲਵੰਤ ਪਤਿਵੰਤ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤ ॥**

(ਗਾਉੜੀ ਸੁਖਮਨੀ ਮ 5, ਅੰਗ-293)

ਇਕ ਵਾਰ ਮੇਰੇ ਇਕ ਮਿਤ੍ਰ ਨੇ ਮੇਰੇ ਤੇ ਸੁਆਲ ਕੀਤਾ ਕਿ ਮੇਰੀ ਮਾਂ ਬਹੁਤ ਉੱਜਵਲ ਜੀਵਨ ਵਾਲੀ ਸੀ। ਓਹ ਹਰ ਪਲ ਉਸ ਪ੍ਰਭੂ ਦੇ ਚਰਣਾਂ ਦਾ ਧਿਆਨ ਕਰ ਕੇ ਸਿਮਰਨ-ਬੰਦਗੀ ਵਿਚ ਜੀਵਨ ਜਿਉਂਦੀ ਸੀ। ਪਿਛਲੇ ਕੁਝ ਦਿਨਾਂ ਵਿਚ ਉਹ ਬਿਮਾਰ ਰਹਿਣ ਲਗੀ ਸੀ। ਫਿਰ ਉਨ੍ਹਾਂ ਦਾ ਅੰਤਿਮ ਸਮ੍ਹਾਂ ਆ ਗਿਆ ਤਾ ਉਨ੍ਹਾਂ ਨੂੰ ਪ੍ਰਾਣ ਤਿਆਗਣ ਸਮੇਂ ਬਹੁਤ ਕਸ਼ਟ ਝਲਣਾ ਪਿਆ । ਇਹ ਕਿਉਂ ? ਉੱਤਰ ਸਿਧਾ-ਸਾਦਾ ਹੈ -ਸਵਾਸਾਂ ਦੀ ਪੂੰਜੀ ਖਤਮ ਹੋਣ ਤੇ ਵਾਪਿਸ ਜਾਣਾ ਹੀ ਸੀ। ਜਦੋਂ ਪ੍ਰਭੂ ਦੀ ਤਰਫੋ ਵਾਪਸ ਆਉਣ ਦਾ ਉਨ੍ਹਾਂ ਨੂੰ ਸੰਦੇਸ਼ ਦਿਤਾ ਗਿਆ ਤਾ ਉਹ ਵਾਪਸ ਜਾਣ ਲਈ ਤਿਆਰ ਨਹੀ ਸਨ ਕਿਉਂਕਿ ਉਨ੍ਹਾਂ ਦੀਆਂ ਇੱਛਾਵਾਂ

ਬਾਕੀ ਸਨ ਕਿ ਮੈਂ ਆਪਣੇ ਛੋਟੇ ਮੁੰਡੇ ਦਾ ਵਿਆਹ ਇਤਿ ਆਦਿ ਵੇਖ ਕੇ ਜਾਵਾਂਗੀ। ਇਸ ਕਰਕੇ ਪ੍ਰਭੂ ਦੇ ਦੂਤ ਉਨ੍ਹਾਂ ਨੂੰ ਬਲ ਪੁਰਵਕ ਲੈ ਗਏ। ਅਸਲ ਵਿਚ ਉਹ ਸ਼ਰੀਰ ਤਿਆਗਣਾਂ ਨਹੀਂ ਸੀ ਚਾਹੁੰਦੀ। ਇਹ ਸੰਘਰਸ਼ ਹੀ ਉਨ੍ਹਾ ਦੇ ਦੁਖ ਦਾ ਕਾਰਣ ਬਣਿਆਂ ਹੈ। ਇਸ ਵਿਸ਼ੇ 'ਚ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਭਗਤ ਤ੍ਰਿਲੋਚਨ ਜੀ ਦੀ ਰਚਨਾਵਾਂ ਇਥੇ ਉਲੇਖਨੀਆਂ ਰਹਿਣ ਗਿਆਂ।

**ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**

**ਸਰਪ ਜੋਨਿ ਵਲਿ -ਵਲਿ ਅਉਤਰੈ ॥**

**ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ॥ ਰਹਾਉ॥**

**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**

**ਬੇਸਵਾ ਜੋਨਿ ਵਲਿ ਵਲਿ ਅਉਤਰੈ॥**

**ਅੰਤਿ ਕਾਲਿ ਜੋ ਲੜਿਕੇ ਸਿਮਰੈ॥**

**ਐਸੀ ਚਿੰਤਾ ਮਹਿ ਜੇ ਮਰੈ॥**

**ਸੂਕਰ ਜੋਨਿ ਵਲਿ ਵਲਿ ਅਉਤਰੈ ॥**

**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**

**ਪ੍ਰੇਤ ਜੋਨਿ ਵਲਿ ਵਲਿ ਅਉਤਰੈ॥**

**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥**

**ਬਦਤਿ ਤ੍ਰਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥**

ਅੰਗ 526

ਸਮਸਤ ਜੀਵਾਤਮਾਵਾਂ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਸਾਡੀ ਸੁਆਸਾਂ ਦੀ ਪੂੰਜੀ ਸਮਾਪਤ ਹੋਣ ਤੋਂ ਪਹਿਲਾਂ ਸਾਨੂੰ ਆਪਣੀਆਂ ਇੱਛਾਵਾਂ ਖਤਮ ਕਰ ਦੇਣੀਆਂ ਚਾਹੀਦੀਆਂ ਹਨ। ਜਾਂ ਤਿਆਗ ਦੇਣੀਆਂ ਚਾਹੀਦੀਆਂ ਹਨ। ਤਿਆਗਣੇ ਵਿਚ ਹੀ ਪ੍ਰਭੂ ਮਿਲਨ ਹੈ, ਨਹੀਂ ਤਾਂ ਉਸੀ ਇੱਛਾ ਨੂੰ

ਪੂਰਾ ਕਰਣ ਲਈ ਬਾਰ-ਬਾਰ ਜਨਮ ਲੈਣਾ ਪਏਗਾ। ਇਸ ਲਈ ਹਰ ਇਕ ਜੀਵਾਤਾਮਾ ਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਸ਼ਰੀਰ ਛੁਟਣ ਤੋਂ ਪਹਿਲਾ ਪ੍ਰਭੂ ਚਰਣਾਂ ਵਿਚ ਵਿਸ਼ਰਾਮ ਮਿਲੇ, ਇਕ ਮਨ ਇਕ ਚਿਤ ਹੋ ਕੇ ਅਰਦਾਸ ਸ਼ੁਰੂਕਰ ਦੇਣੀ ਚਾਹਿਦੀ ਹੈ। ਕਿ ਹੇ ਪ੍ਰਭੂ ਇਸ ਵਾਰ ਇਸ ਜੀਵਾਤਮਾ ਨੂੰ ਖਿਮਾ ਦਾਨ ਵਜੋਂ ਬਖਸ਼ੋ ਅਤੇ ਭਟਕੀ ਹੋਈ ਰੂਹ ਨੂੰ ਆਪਣੇ ਚਰਨਾਂ ਵਿਚ ਥਾਂ ਦਿਓ। ਸਾਡਾ ਪਿਤਾ ਬਖਸਿੰਦ ਹੈ। ਉਹ ਬਖਸ਼ਣ ਲਈ ਤਿਆਰ ਖੜਾ ਹੈ, ਬਸ ਸਾਡੀ ਅਰਦਾਸ ਸਮਰਪਿਤ ਹੋ ਕੇ ਹੋਣੀ ਚਾਹੀਦੀ ਹੈ।

**ਕਹੈ ਕਬੀਰ ਸੁਨਹੁ ਰੇ ਸੰਤਹੁ,ਖੇਤ ਹੀ ਕਰਹੁ ਨਿਬੇਰਾ ॥**

**ਅਬ ਕੀ ਬਾਰ ਬਖਸਿ, ਬੰਦੇ ਕਉ ਬਹੁਰਿ ਨ ਭਉਜਲਿ ਫਰਾ॥**

ਅੰਗ 1104 ਰਾਗ ਮਾਰੂ, ਬਾਣੀ ਕਬੀਰ ਜੀ ਦੀ

ਇਸ ਗਲ ਦਾ ਸਾਰਿਆਂ ਜੀਵਾਤਮਾਵਾਂ ਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਸਾਨੂੰ ਜੋ ਕੁਝ ਵੀ ਪ੍ਰਾਪਤ ਹੋਇਆ ਯਾ ਹੋਣ ਵਾਲਾ ਹੈ, ਉਹ ਸਿਰਫ ਪ੍ਰਭੂ ਕ੍ਰਿਪਾ ਨਾਲ ਹੀ ਹੋਣਾ ਹੈ। ਸਾਡੀ ਮਿਹਨਤ ਜਾਂ ਤਾਕਤ ਨਾਲ ਕੁਝ ਮਿਲਣ ਵਾਲਾ ਨਹੀਂ। ਉਸ ਪਰਮ ਪਿਤਾ ਪਰਮੇਸ਼ਵਰ ਦੇ ਦਰਬਾਰ ਵਿਚ ਨਿਰਬਲ ਨੂੰ ਹੀ ਸਵੀਕਾਰਿਆ ਜਾਂਦਾ ਹੈ।

ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਵਿਧਾਨ ਅਨੁਸਾਰ ਹਰ ਇਕ ਪ੍ਰਾਣੀ ਉਸ ਦਿਵਯ ਜੋਤਿ ਨਾਲ ਕੋਈ ਵੀ ਰਿਸ਼ਤਾ -ਨਾਤਾ ਬਣਾ ਸਕਦਾ ਹੈ। ਜਿਵੇਂ -ਗੁਰੂਵਾਕ ਹੈ।:-

**ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥**

**ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ ॥**

**ਤੂੰ ਮੇਰਾ ਰਾਖਾ ਸਭਨੀ ਥਾਈ ਤਾਂ ਭਉ ਕੇਹਾ ਕਾੜਾ ਜੀਉ ॥**

ਰਾਗ ਮਾਝਮਹਲਾ 5 ਅੰਗ 103

ਸਾਡਾ ਪਿਤਾ ਪਰਮੇਸ਼ਵਰ ਬਹੁਤ ਹੀ ਦਿਆਲੂ ਹੈ ਉਹ ਆਪਣੇ ਪੁਤਰਾਂ ਤੇ ਕ੍ਰਿਪਾ ਦ੍ਰਿਸ਼ਟੀ ਸਦਾ ਹੀ ਕਰਦਾ ਰਹਿੰਦਾ ਹੈ, ਭਾਵ ਇਹ ਕਿ ਉਹ ਬਖਸ਼ਿਦ ਹੈ। ਜੇਕਰ ਸਾਡੀ ਅਰਦਾਸ ਮਨ ਕਰਕੇ ਹੋਵੇ ਕਿ ਮੇਰੇ ਅਵਗੁਣਾਂ ਨੂੰ ਖਿਮਾ ਕਰੋ ਤਾਂ ਉਹ ਤੁਰੰਤ ਆਪਣੇ ਬੇਟਿਆਂ ਨੂੰ ਜੋ ਆਪਣੇ ਆਪ ਨੂੰ ਸਮਰਪਣ ਕਰਦੇ ਹਨ।

ਖਿਮਾ ਦਾਨ ਵਜੋਂ ਦੇਂਦਾ ਹੈ। ਭਾਵ ਬਖਸ਼ ਲੈਂਦਾ ਹੈ ਇਹ ਹੀ ਉਸ ਦਾ ਬਿਰਦ ਹੈ। ਇਸ ਕਾਰਜ ਵਿਚ ਕਿਸੀ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ। ਗੁਰੂਵਾਕ ਹੈ :-

**ਦੂਖ ਦਰਦ ਬਿਨਸੇ ਭੈ ਭਰਮ ॥ ਆਵਣ ਜਾਣ ਰਖੇ ਕਰਿ ਕਰਮ ॥**

ਗਉੜੀ ਮਹਲਾ 5 ਅੰਗ 183

ਇਸ ਗਲ ਨੂੰ ਅਸੀਂ ਇਕ ਵਾਰ ਫਿਰ ਤੋਂ ਸਮਝਾ ਗੇ। ਮਨ ਲਓ ਕੋਈ ਫੌਜੀ ਆਪਣੀ ਨੌਕਰੀ ਪੁਰੀ ਕਰਕੇ ਘਰ ਮੁੜਨ ਗਲਦਾ ਹੈ ਤਾਂ ਉਸ ਨੂੰ ਆਪਣੇ ਕੋਲ ਰਖਿਆ ਓਹ ਸਾਰਾ ਸਰਕਾਰੀ ਸਮਾਨ ਅਤੇ ਇਕਯੂਪਮੈਂਟਸ ਵਾਪਸ ਕਰਣੇ ਹੁੰਦੇ ਹਨ, ਜੋ ਉਸ ਨੂੰ ਡਿਉਟੀ ਤੇ ਤੈਨਾਤ ਹੋਣ ਸਮੇਂ ਇਸ਼ੂ ਹੋਏ ਸਨ। ਭਾਵ ਕਲੇਰੈਨਸ ਸਰਟੀਫਿਕੇਟ ਲੈਣਾ ਜ਼ਰੂਰੀ ਹੁੰਦਾ ਹੈ। ਇਸ ਤੋਂ ਇਹ ਇਲਾਵਾ ਉਨ੍ਹਾਂ ਸਾਰੇ ਮਿਤ੍ਰਾਂ ਪਾਸੋਂ ਪ੍ਰਸੰਨਤਾ ਪੁਰਵਕ ਵਿਦਇਗੀ ਲੈਣੀ ਹੈ। ਕਿਉਂਕਿ ਉਹ ਆਪਣੀ ਨਿਜ਼ੀ ਘਰ ਵਾਪਸ ਪਰਤ ਰਿਹਾ ਹੈ। ਇਹ ਹੀ ਗਲ ਉਸ ਦੇ ਮਿਤ੍ਰ ਵੀ ਕਰਦੇ ਹਨ। ਉਨ੍ਹਾਂ ਨੂੰ ਵਿਛੜਨੇ ਦਾ ਦੁਖ ਤਾਂ ਹੁੰਦਾ ਹੈ ਪਰ ਫਿਰ ਵੀ ਪ੍ਰਸਨਤਾ ਪੁਰਵਕ ਵਿਦਾਇਗੀ ਦੇਂਦੇ ਹਨ। ਕਿਉਂਕਿ ਉਹ ਵੀ ਇਹ ਗਲ ਜਾਣ ਦੇ ਹਨ ਕਿ ਇਕ ਦਿਨ ਅਸਾਂ ਵੀ। ਅਪਨੀ ਯੁਨਿਟ ਛਡ ਕੇ ਵਾਪਸ ਘਰ ਜਾਣਾ ਹੈ।

ਮਨ ਲਓ ਕੋਈ ਫੌਜੀ ਇਸ ਵਿਧੀ -ਵਿਧਾਨ ਨੂੰ ਨਾ ਮੰਨੇ ਅਤੇ ਸਰਕਾਰੀ ਸਮਗਰੀ ਨੂੰ ਜਮਾ ਨ ਕਰਵਾਏ ਬਲਕਿ ਵਾਪਸ ਘਰ ਜਾਣਾ ਹੀ ਨਾ ਚਾਹਏ ਤਾਂ ਸੋਚੋ ਉਸ ਫੌਜੀ ਨਾਲ ਕੀ ਵਿਹਾਰ ਹੋਏਗਾ?

ਅਸੀਂ ਇਸੀ ਵਿਚਾਰ ਨੂੰ ਦੁਬਾਰਾ ਸਮਝਣ ਦੀ ਕੋਸ਼ਿਸ਼ ਕਰਾਂਗੇ। ਮਨ ਲਓ ਕਈ ਮਨੁੱਖ ਕਿਸੀ ਹੋਟਲ ਵਿਚ ਇਕ ਕਮਰਾ ਇਕ ਖਾਸ ਸਮੇਂ ਲਈ ਬੁਕ ਕਰਵਾਏ। ਸਮਾਂ ਖਤਮ ਹੋਣ ਤੇ ਖਾਲੀ ਨ ਕਰੇ ਅਤੇ ਉਨ੍ਹਾਂ ਸਾਰੀਆ ਵਸਤੂਆਂ ਨੂੰ ਅਪਣਾ ਦਸੇ ਜਿਨ੍ਹਾਂ ਨੂੰ ਉਸ ਨੇ ਬੁਕਿੰਗ ਸਮੇਂ ਵਰਤਿਆ ਸੀ। ਹੁਣ ਸੋਚੋ ਹੋਟਲ ਵਾਲੇ ਉਸ ਨਾਲ ਕੀ ਵਿਹਾਰ ਕਰਣਗੇ। ਇਕ ਇਸੀ ਤਰ੍ਹਾਂ ਦਾ ਉਦਾਹਰਣ ਹੋਰ ਆਪ ਦੇ ਸਾਮਣੇ ਰਖਦਾ ਹਾਂ। ਮਨ ਲਓ ਇਕ ਰੇਲ ਯਾਤਰੀ ਇਕ ਖਾਸ ਸਟੇਸ਼ਨ ਤਕ ਆਪਣੀ ਸੀਟ ਬੁਕ ਕਰਵਾਉਂਦਾ ਹੈ ਪਰ ਉਹ ਮਨੁੱਖ ਉਥੇ ਨਹੀਂ ਉੱਤਰਦਾ, ਟੀ. ਟੀ. ਉਹ ਸੀਟ ਕਿਸੀ ਦੁਜੇ ਯਾਤ੍ਰੀ ਨੂੰ ਦੇ ਦੇਂਦਾ ਹੈ। ਐਸੀ ਹਾਲਤ ਵਿਚ ਉਸ ਪਹਿਲੇ ਯਾਤ੍ਰੀ ਨਾਲ ਟੀ. ਟੀ. ਅਤੇ ਨਵਾਂ ਯਾਤ੍ਰੀ ਕੀ ਵਿਹਾਰ ਕਰਣਗੇ?

ਇਹ ਸਭ ਕਹਿਣ ਤੋਂ ਭਾਵ ਹੈ ਕਿ ਸਾਨੂੰ ਆਪਣੇ ਸੁਵਾਸਾਂ ਦੀ ਪੂੰਜੀ ਖਤਮ ਹੋਣ ਤੋਂ ਪਹਿਲਾ ਵਾਪਸ ਜਾਣ ਦੀ ਤਿਆਰੀ ਕਰ ਲੈਣੀ ਚਾਹੀਦੀ ਸੀ। ਜੇਕਰ ਅਸੀਂ ਆਪਣੇ ਕੰਮ ਸਫਲਤਾ ਪੂਰਵਕ ਸਮੇਂ ਅਨੁਸਰ ਖਤਮ ਕਰਣ ਵਿਚ ਸਫਲ ਹੋ ਜਾਂਦੇ ਹਾਂ ਤਾਂ ਸਾਨੂੰ ਸ਼ਰੀਰ ਤਿਆਗਣ ਸਮੇਂ ਕੋਈ ਕਸ਼ਟ ਨਹੀ ਭੋਗਣਾ ਪਏਗਾ।

ਜੋ ਜੀਵਾਤਮਾ ਬਾਰ-ਬਾਰ ਜਨਮ-ਮਰਨ ਦੇ ਚਕ੍ਰਵਿਯੂ ਤੋਂ ਛੁਟਕਾਰਾ ਪਾਉਂਣਾ ਚਾਹੁਦੀ ਹੈ। ਉਹ ਸਭ ਤੋਂ ਪਹਿਲਾਂ ਆਪਣੇ ਲਈ ਇਕ ਨਿਸ਼ਾਨਾ (ਟੀਚਾ) ਮਿਥ ਦੀ ਹੈ ਕਿ ਮੈਨੇ ਹੁਣ ਰੱਬ ਪਾਸੋਂ ਸੰਸਾਰਕ ਵਸਤਾਂ ਦੀ ਕਾਮਨਵਾਂ ਨਹੀਂ ਕਰਣੀਆਂ ਸਿਰਫ ਅਤੇ ਸਿਰਫ ਆਵਾਗਮਨ ਤੋਂ ਛੁਟਕਾਰਾ ਪਾਉਂਣ ਲਈ ਬੇਨਤੀਆਂ ਕਰਨੀਆਂ ਹਨ। ਇਹ ਕਾਰਜ ਹੀ ਸਾਡਾ ਪਹਿਲਾ ਉਪਰਾਲਾ ਹੋਏਗਾ।

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥**

**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥**

ਧਨਸਰੀ ਭਗਤ ਰਵਿਦਾਸ ਜੀ ਦੀ ਅੰਗ 694

**ਯਥਾ**

**ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ॥**

**ਸਤਿਗੁਰੁ ਕੋਟਿ ਪੈਂਡਾ ਆਗੈ ਹੋਇ ਲੇਤ ਹੈ॥**

ਕਬਿਤ ਭਾਈ ਗੁਰਦਾਸ ਜੀ, ਕਬਿਤ ਨੰਬਰ - 111

ਜੀਵਾਤਮਾ ਨੂੰ ਇਸ ਕਾਰਜ ਦੀ ਸਫਲਤਾ ਦੇ ਲਈ ਕਿਸੀ ਪੂਰਨ ਗੁਰੂ (ਸਤਿਗੁਰੁ) ਦੀ ਖੋਜ ਕਰ ਕੇ ਉਨ੍ਹਾਂ ਪਾਸ ਗੁਰੂ ਦੀਖਿਆ ਲੈਣੀ ਜਰੂਰੀ ਹੈ ਨਹੀਂ ਤਾਂ ਕਾਰਜ ਵਿਚ ਸਫਲਤਾ ਨਾਮੁਮਕਿਨ ਹੈ। ਜੇਕਰ ਆਪ ਜੀ ਨੇ (ਸ਼ਬਦ-ਗੁਰੂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਣ ਕੀਤਾ ਹੈ। ਭਾਵ ਪੰਜਾ ਪਿਆਰਿਆ ਤੋਂ ਅਮ੍ਰਿੰਤ ਪਾਨ ਕੀਤਾ ਹੈ। ਤਾਂ ਸਿਰਫ ਗ੍ਰੰਥ ਸਾਹਿਬ ਨੂੰ ਮਸਤਿਕ ਝੁਕਾ ਨਾਲ ਕੁਝ ਮਿਲਣ ਵਾਲਾ ਨਹੀਂ। ਜਦੋ ਤਕ ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਿ ਤੋਂ ਅੰਤ ਤਕ ਘਟੋ-ਘਟ ਇਕ ਵਾਰ ਖੁਦ ਗੁਰਬਾਣੀ ਦਾ ਅਧਿਅਨ ਨ ਕਰ ਲਓ। ਕਿਉਂਕਿ ਇਹ ਹੀ ਓਹ ਸਵੀਧਾਨ ਹੈ ਜਿਸਨੇ ਸਾਨੂੰ ਜੀਵਨ-ਜੁਗਤੀ ਨਾਲ ਨਿਵਾਜਣਾ ਹੈ। ਅੱਜਕਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਚਾਰ ਸ਼ਬਦਾਰਥ ਉਪਲਬਧ

ਹਨ। ਜਿਨ੍ਹਾ ਦੀ ਭੇਟਾ (ਮੁਲ) ਬਹੁਤ ਹੀ ਘੱਟ ਹੈ। ਇਹ ਹਰ ਇਕ ਇਤਿਹਾਸਿਕ ਗੁਰਦੁਆਰੇ ਵਿਚ ਉਨ੍ਹਾਂ ਦੇ ਸਟਾਂਲਾਂ ਤੋਂ ਸਹਿਜ ਮਿਲ ਜਾਂਦੇ ਹਨ। ਇਸ ਦੇ ਨਾਲ 'ਸਿਖ ਰਹਿਤ ਮਰਿਆਦਾ' ਵੀ ਬਿਨ੍ਹਾਂ ਕੀਮਤ ਤਿਨ ਭਾਸ਼ਾਵਾਂ ਵਿਚ ਭੇਟਾ ਰਹਿਤ ਮਿਲ ਜਾਂਦੀ ਹੈ।

ਜਿਸ ਜੀਵਾਤਮਾ ਨੇ ਗੁਰਬਾਣੀ ਦਾ ਖੁਦ ਅਧਿਅਨ ਕਰ ਲਿਆ ਹੋਵੇ, ਉਸ ਨੂੰ ਕੁਝ ਹੋਰ ਦੱਸਣ ਦੀ ਲੋੜ ਨਹੀ ਰਹਿ ਜਾਂਦੀ ਪਰ ਫਿਰ ਵੀ ਜੋ ਵੀ ਵਿੱਧਵਾਨ ਸਮੇਂ-ਸਮੇਂ ਦਸਦੇ ਹਨ। ਉਹ ਇਹ ਹੀ ਹੈ ਕਿ ਮਨੁੱਖ ਖੁਦ ਨੂੰ ਇੱਛਾ ਰਹਿਤ ਕਰ ਲਵੇ ਭਾਵ ਇਹ ਕਿ ਕਿਸੀ ਵਸਤੁ ਦੀ ਕਾਮਨਾ ਮਨ ਵਿਚ ਨ ਰਖੇ । ਜੇਕਰ ਮਨ ਵਿਚ ਕੋਈ ਕਾਮਨਾ ਰਹਿ ਜਾਵੇ ਤਾ ਸਮਝ ਲਓ ਦੁਬਾਰਾ ਜਨਮ ਪੱਕਾ ਹੀ ਹੈ।

ਸਿਰਫ ਇਕ ਹੀ ਇੱਛਾ ਹੋਣੀ ਚਾਹੀਦੀ ਹੈ:-

**ਤਿਆਗਨਾ ਤਿਆਗਨੁ ਨੀਕਾ, ਕਾਮੁ ਕ੍ਰੋਧੁ ਲੋਭ ਤਿਆਗਨਾ॥**

**ਮਾਂਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥**

ਮਰੂ, ਮਹਲਾ 5, ਅੰਗ 1018

ਸਾਨੂੰ ਭਜਨ-ਬੰਦਗੀ ਕਰਣ ਸਮੇਂ ਸਭ ਤੋਂ ਪਹਿਲਾ ਇਹ ਜਾਣ ਲੈਣਾ ਅਤਿ ਜਰੂਰੀ ਹੈ ਕਿ ਰਬ ਦੀ ਪਰੀਭਾਸ਼ਾ ਕੀ ਹੈ ਕਹਿਣ ਤੋਂ ਭਾਵ ਹੈ ਅਸੀਂ ਕਿਸ ਨੂੰ ਅਰਾਧੀਏ। ਜੇਕਰ ਅਸੀ ਉਸ ਦਿਵਯ ਜੋਤੀ ਨੂੰ ਨ ਭੱਜ ਕੇ ਕਿਸੀ ਹੋਰ ਸੱਕਤੀ ਦੀ ਉਪਾਸਨਾ ਕੀਤੀ ਜੋ ਉਸ ਪਰਮਪਿਤਾ ਦੁਆਰਾ ਉਤਪਨ ਕਿਤੀ ਗਈ ਹੈ ਤਾ ਸਾਡਾ ਜਪ-ਤਪ ਅਸਲੀ ਨਿਸ਼ਾਨੇ ਤੋਂ ਖੁੰਜ ਜਾਏਗਾ ਅਤੇ ਪ੍ਰਾਪਤੀਆਂ ਨ ਦੇ ਬਰਾਬਰ ਹੋਣਗੀਆ। ਕੁਦਰਤ ਦਾ ਨੇਮ ਹੈ ਜਿਸ ਨੂੰ ਭਜੋਗੇ ਉਸੀ ਦਾ ਰੂਪ ਹੋ ਜਾਓਗੇ। ਇਸ ਲਈ ਸਾਨੂੰ ਹਰ ਸਮੇਂ ਧਿਆਨ ਰਖਣਾ ਚਾਹੀਦਾ ਹੈ ਕਿ ਸਾਨੂੰ ਸਦਾ ਉਸ ਕਰਤੇ ਨੂੰ ਹੀ ਭਜਣਾ ਹੈ ਜਿਸ ਨੇ ਇਹ ਸ੍ਰਿਸ਼ਟੀ ਸਾਜੀ ਹੈ। ਅਸੀਂ ਕ੍ਰਿਤਮ ਨੂੰ ਨਹੀਂ ਭਜਾਂਗੇ ਕਿਉਂਕਿ ਜੋ ਇਹ ਦੇਵੀ-ਦੇਵਤੇ ਉਸ ਕਰਤੇ ਦੀ ਉਤਪਤੀ ਹੀ ਹਨ। ਉਨ੍ਹਾਂ ਦਾ ਸਾਡੀ ਤਰ੍ਹਾ ਜਨਮ-ਮਰਨ ਹੈ। ਇਸ ਲਈ ਗੁਰੂਵਾਕ ਹੈ-

**ਏਕੋ ਸਿਮਰੋ ਨਾਨਕਾ, ਜੋ ਜਲਿ, ਥਲਿ ਰਹੀਆ ਸਮਾਇ॥**

**ਦੁਜਾ ਕਾਹੇ ਸਿਮਰੀਐ, ਜੋ ਜਮੇ ਤੇ ਮਰਿ ਜਾਇ॥**

ਜਨਮ ਸਾਖੀ

ਜੇਕਰ ਅਸੀਂ ਸਰਵ ਸ਼ਕਤੀਮਾਨ, ਸਰਵਵਿਆਪਕ ਪਿਤਾ ਪਰਮੇਸ਼ਵਰ ਦੀ ਅਰਾਧਨਾ ਕੀਤੀ ਤਾਂ ਸਾਨੂੰ ਵੀ ਉਸ ਦੇ ਗੁਣਾਂ ਅਨੁਸਾਰ ਨਿਰਭਉ ਅਤੇ ਨਿਰਵੈਰ ਸਮਦ੍ਰਿਸ਼ਟੀ ਹੋ ਜਾਣ ਦੇ ਗੁਣ ਪ੍ਰਾਪਤ ਹੋਂਦੇ ਜਾਣਗੇ।

ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥

ਗਾਉੜੀ ਸੁਖਮਨ ਮਹਲਾ5, ਅੰਗ 293

ਇਸ ਤੋਂ ਪਹਿਲਾ ਕੋਈ ਵਿਚਾਰ ਕਰਿਏ, ਸਭ ਤੋਂ ਪਹਿਲਾ ਗੁਰੂਜੀ ਦੁਆਰਾ ਪ੍ਰਸਤੁਤ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਮੰਗਲਾ ਚਰਣ ਰੂਪ ਵਿਚ ਮੂਲ-ਮੰਤ੍ਰ ਜਿਸ ਨੂੰ ਦਿਵਯ ਜੋਤੀ ਦੀ ਪਰੀਭਾਸ਼ਾ ਮੰਨਿਆ ਗਿਆ ਹੈ ਦਾ ਅਧਿਐਨ ਕਰਦੇ ਹਾਂ।

ੴ ਸਤਿਨਾਮੁ ,ਕਰਤਾ ਪੁਰਖੁ ,ਨਿਰਭਉ ,ਨਿਰਵੈਰੁ ਅਕਾਲ ਮੂਰਤਿ ਅਜੂਨੀ,ਸੈਭੰ ਗੁਰਪ੍ਰਸਾਦਿ॥

## ਯਥਾ

ਰੂਪ ਨ ਰੇਖ ਨ ਰੰਗੁ ਕਿਛੁ, ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥

ਤਿਸਹਿ ਬੁਝਾਏ ਨਾਨਕਾ ਜਿਸ ਹੋਵੈ ਸੁਪ੍ਰੰਸਨ ॥

ਰਾਗ ਗਾਉੜੀ ਸੁਖਮਨੀ ਮਹਲਾ 5 ਅੰਗ-283

## ਯਥਾ

ਚੱਕ੍ਰ ਚਿਹਨ ਅਰੁ ਬਰਨ ਜਾਤਿ , ਅਰੁ ਪਾਤਿ ਨਹਿਨ ਜਿਹ॥

ਰੂਪ ਰੰਗ ਅਰੁ ਰੇਖ ਭੇਖ ਕੋਊਕਹਿ ਨ ਸਕਤ ਕਿਹ॥

ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ॥

ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ॥

ਤ੍ਰਿਭਵਨ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥

ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥

ਜਾਪੁ ਸਾਹਿਬ, ਸ੍ਰੀ ਗੁਰੂਗੋਬਿੰਦ ਸਿੰਘ ਜੀ,

ਅਧਿਆਤਿਮਕ ਦੁਨੀਆਂ ਵਿਚ ਮਨਿਆਂ ਜਾਂਦਾ ਹੈ ਕਿ ਜੀਵਾਤਮਾ ਦਾ ਪ੍ਰਭੂ ਵਿਚ ਅਭੇਦ ਹੋਣ ਵਾਸਤੇ ਸਭ ਤੋਂ ਵੱਡੀ ਰੁਕਵਾਟ ਉਸ ਦਾ ਅਭਿਮਾਨ (ਅਹੰਕਾਰ) ਹੀ ਹੈ। ਇਹ ਆਦਤਾਂ ਹੀ ਜੀਵਾਤਮਾ ਨੂੰ ਪ੍ਰਭੂ ਤੋਂ ਦੂਰੀ ਬਣਾਕੇ ਰਖਦੀਆਂ ਹਨ। ਜਦੋਂ ਤਕ ਜੀਵਾਤਮਾ ਆਪਣੀ ਹੋਂਦ ਨੂੰ ਖਤਮ ਨਹੀਂ ਕਰ ਲੈਂਦੀ ਤਕ ਤੱਕ ਦੋ ਤੋਂ ਇਕ ਨਹੀਂ ਹੋ ਸਕਦੀ। ਇਸ ਗਲ ਨੂੰ ਸਮਝਣ ਲਈ ਅਸੀਂ ਬਰਫ ਦਾ ਇਕ ਟੁਕੜਾ ਲਵਾਗੇ, ਉਸ ਨੂੰ ਇਕ ਜਾਲੀ ਜਾ ਛਾਣਨੀ ਵਿਚ ਰਖਾਗੇ। ਜਦੋਂ ਤਕ ਬਰਫ ਪਿਗਲ ਨਾ ਜਾਏ ਤਦ ਤਕ ਉਹ ਉਸ ਪਾਰ ਰਖੇ ਪਾਣੀ ਵਿਚ ਅਭੇਦ ਨਹੀਂ ਹੋ ਸਕਦੀ। ਕਹਿਣ ਤੋਂ ਭਾਵ ਇਹ ਹੈ ਕਿ ਬਰਫ ਨੂੰ ਪੂਰੀ ਤਰ੍ਹਾ ਪਿਗਲਣਾਂ ਹੀ ਪੈਣਾ ਹੈ। ਠੀਕ ਇਸੀ ਤਰ੍ਹਾਂ ਜੀਵਤਾਮਾ ਨੂੰ ਆਪਣਾ ਅਹੰਕਾਰ ਤਿਆਗ ਕੇ ਆਪਣੀ ਹੋਂਦ ਨੂੰ ਮਿਟਾਣਾ ਹੀ ਹੋਏਗਾ। ਏਕਾਕਾਰ ਹੋਣ ਲਈ ਆਪਣੀ ਮੈਂ-ਮੈਂ ਮਿੱਟਾ ਕੇ ਤੂਹੀ-ਤੂਹੀ ਵਿਚ ਲੈ ਆਉਣਾ ਹੀ ਸਫਲਤਾ ਦੀ ਕੁੰਜੀ ਹੈ।

**ਨਾਨਕ ਸੋ ਸੂਰਾ ਵਰੀਆਮੁ , ਜਿਨਿ ਵਿਚਹੁ ਦੁਸਟੁ ਅਹੰਕਰਣ ਮਾਰਿਆ॥**

ਸਿਰੀ ਰਾਮ ਮ 3 ਅੰਗ 89

**ਯਥਾ**

**ਕਬੀਰ ਮੇਰਾ ਮੁਝ ਮਹਿ ਕਿਛੁ ਨਾਹੀ, ਜੋ ਕਿਛੁ ਹੈ ਸੁ ਤੇਰਾ॥**

**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥** ਅੰਗ -1364

ਜਦੋਂ ਤਕ ਜੀਵਆਤਮਾ ਆਪਣੀ ਅਹੰਕਾਰ ਪ੍ਰਵਿਤੀ ਨੂੰ ਤਿਆਗ ਕੇ ਪੂਰਣ ਰੂਪ ਵਿਚ ਮਨ ਨੂੰ ਮਾਰ ਕੇ ਦ੍ਰਵਿਤ ਨਹੀ ਕਰ ਲੈਂਦਾ ਭਾਵ ਲੇਸ਼ ਮਾਤ੍ਰ ਵੀ ਮੈਂ-ਮੈਂ ਵਾਲੀ ਆਦਤ ਰਹੇ ਗੀ ਤਕ ਤਕ ਦੂਰੀ ਬਣੀ ਰਹੇਗੀ। ਭਾਵ ਮੈਂ-ਮੈਂ ਤੋਂ ਤੁਹੀ-ਤੁਹੀ ਨਹੀ. ਹੋ ਸਕਦਾ। ਖੁਦੀ ਨੂੰ ਮਿਟਾਣਾ ਹੀ ਉਸ ਪ੍ਰਭੂ ਵਿਚ ਅਭੇਦਤਾ ਹੈ। ਅਧਿਆਤਮਿਕ ਦੁਨੀਆਂ ਵਿਚ ਸ਼ਤ-ਪ੍ਰਤਿਸ਼ਤ ਨੰਬਰ ਲੈਣੇ ਹੁੰਦੇ ਹਨ। ਨਹੀਂ ਤਾ ਪੁਨਰ ਜਨਮ ਨਿਸ਼ਚਿਤ ਹੀ ਹੈ।

ਅਸਲ ਵਿਚ ਜੀਵਾਤਮਾ ਦਾ ਸਭ ਤੋਂ ਵਡਾ ਦੁਸ਼ਮਣ ਉਸ ਦਾ ਅਭਿਮਾਨ (ਅਹੰ) ਹੀ ਹੈ। ਇਸ ਨੂੰ ਮਾਰਣਾ ਨਾਮੁਮਕਿਨ ਤਾਂ ਨਹੀ ਪਰ ਕਠਿਨ ਜਰੂਰ ਹੈ। ਇਸ ਦੇ ਲਈ ਗੁਰੂਵਾਕ ਹੈ।

ਹੁੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥

ਜਿਨ ਕਉ ਪੂਰਬਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ॥

ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ॥

ਵਡਹੰਸ ਕੀ ਵਾਰ ਮਹਲਾ 3 ਅੰਗ 592

ਭਾਰਤ ਦੇ ਪੁਰਾਤਨ ਰਿਸ਼ੀ-ਮੁਨੀ ਇਸ ਤੱਥ ਨੂੰ ਜਾਣਦੇ ਸਨ ਕਿ ਪ੍ਰਭੂ ਮਿਲਣ ਵਿਚ ਸਭ ਤੋਂ ਵਡੀ ਰੁਕਾਵਟ ਮਨੁੰਖ ਦਾ ਅਹੰਕਾਰ ਹੀ ਹੈ ਅਤੇ ਦੁਜੀਆਂ ਰੁਕਾਵਟਾਂ ਮਨੁੱਖ ਦੀਆ ਇਛਾਵਾਂ ਜਾ ਕਾਮਨਾਵਾਂ ਹੀ ਹਨ। ਉਨ੍ਹਾਂ ਨੇ ਇਨ੍ਹਾਂ ਦੋਨਾਂ ਰੁਕਾਵਟਾਂ ਤੋਂ ਛੁਟਕਾਰਾ ਪਾਉਂਣ ਲਈ ਆਪਣੀ ਸੀਮਿਤ ਬੁੱਧਿ ਨਾਲ ਇਕ ਉਪਾ ਖੋਜ ਲਿਆ ਕਿ ਜੇਕਰ ਅਸੀਂ ਗ੍ਰਹਿਸਥ ਤਿਆਗ ਕੇ ਸੰਨਿਆਸ ਲੇ ਲਇਏ ਤਾਂ ਇਹ ਦੋਨੋ ਰੁਕਾਵਾਟਾਂ ਪਾਰ ਕਰ ਸਕਾਂਗੇ। ਸਭ ਤੋਂ ਪਹਿਲਾ ਸੰਨਿਆਸੀਆਂ ਦੇ ਗੁਰੂ ਗੋਰਖ ਨਾਂਥ ਨੇ ਆਪਣੇ ਸ਼ਿਸ਼ਾ ਨੂੰ ਭੀਖ ਮੰਗਣਾ ਸਿੱਖਾਇਆ ਉਸ ਦਾ ਵਿਚਾਰ ਸੀ ਕਿ ਭਿਖੀਆਂ ਮੰਗਣ ਨਾਲ ਮਨੁੰਖ ਦੇ ਅਹੰਕਾਰ ਨੂੰ ਭਾਰੀ ਸੱਟ ਲਗਦੀ ਹੈ। ਇਸ ਪ੍ਰਕਾਰ ਉਸ ਦਾ ਅਹੰਕਾਰ ਚਕਨਾ ਚੂਰ ਹੋ ਕੇ ਖਤਮ ਹੋ ਜਾਂਦਾ ਹੈ। ਉਸ ਨੇ ਇਥੋ ਤਕ ਆਪਣੇ ਸ਼ਿਸਾਂ ਨੂੰ ਮਜ਼ਬੂਰ ਕੀਤਾ ਕਿ ਓਹ ਸਭ ਤੋਂ ਪਹਿਲਾ ਆਪਣੇ ਹੀ ਘਰ ਤੋਂ ਭਿਖਿਆ ਪਾਤ੍ਰ ਵਿਚ ਅਲਖ ਨਿਰੰਜਨ ਦੀ ਗੁੰਜ ਕਰਦੇ ਹੋਏ ਮੰਗਣ।

ਇਨ੍ਹਾ ਗਲਾਂ ਨਾਲ 'ਅਹੰ' ਤਾਂ ਕੀ ਘਟਾ ਸੀ ਸਗੋਂ ਇਸ ਦੇ ਉਲਟ ਇਹ ਲੋਕ ਬੇਗੈਰਤ ਅਤੇ ਬੇਅਣਖੇ ਹੋ ਗਏ ਜਿਥੋਂ ਤਕ ਕਾਮਨਾਵਾਂ ਨੂੰ ਖਤਮ ਕਰਣ ਦਾ ਸੁਆਲ ਸੀ ਉਹ ਵੀ ਨ ਹੋ ਸਕਿਆ। ਕਿਉਂਕਿ ਜੀਵਨ ਜੀਣ ਲਈ ਰੋਟੀ, ਕਪੜਾ ਅਤੇ ਮਕਾਨ ਤਾਂ ਸੰਨਿਆਸੀ ਨੂੰ ਵੀ ਲੋੜੀਂਦਾ ਹੀ ਹੈ। ਇਨ੍ਹਾਂ ਵਸਤਾਂ ਦੀ ਘਾਟ ਕਰਕੇ ਸਾਰੇ ਸੰਨਿਆਸੀਆਂ ਦੇ ਮਨ ਵਿਚ ਭਟਕਣਾਂ ਸਦਾ ਬਣੀ ਰਹਿੰਦੀ ਹੈ ਅਤੇ ਓਹ ਲੋਕ ਸਗੋ ਜਿਆਦਾ ਇੱਛਾਵਾਂ ਦੇ ਗੁਲਾਮ ਹੁੰਦੇ ਹਨ।

ਸਿਧਾ ਕੇ ਆਸਣ ਜੇ ਸਿਖੈ, ਇੰਦ੍ਰੀ ਵਸਿ ਕਰਿ ਕਮਾਇ॥

ਮਨ ਕੀ ਮੈਲੁ ਨ ਉਤਰੈ, ਹਉਮੈ ਮੈਲੁ ਨ ਜਾਇ ॥

ਵਡਹੰਸ ਮਹਲਾ 3 ਅੰਗ 558

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਗੋਰਖ ਨਾਥ ਦੇ ਚੇਲਿਆ ਵਿਚ ਸਦਗੁਣਾਂ ਦੀ ਕਮੀ ਵੇਖੀ ਤਾਂ ਉਹ ਕਹਿ ਉਠੇ 'ਤੁਮ ਲੋਗ ਲਗਭਗ ਸਭੀ ਪਾਖੰਡੀ ਹੋ' ਸਿਰਫ ਗ੍ਰਿਹਸਥ ਆਸ਼ਰਮ ਦੀਆਂ ਜਿੰਮੇਵਾਰੀਆਂ ਤੋਂ ਬੱਚਣੇ ਲਈ ਨਖਟੂ ਅਤੇ ਨਿਠਲੇ ਬਣ ਕੇ ਗ੍ਰਿਹਸਥੀ ਲੋਕਾਂ ਪਰ ਆਸ਼ਰਿਤ ਹੋ ਕੇ ਜੀਵਨ ਜੀਉਂਣਾ ਚਾਹੁੰਦੇ ਹੋ। ਜਦੋਂ ਕੋਈ ਗ੍ਰਿਹਸਥੀ ਦਾਨ ਵਿਚ ਤੁੰਹਾਨੂੰ ਕੁਝ ਦੇਵੇਗਾ ਤਾਂ ਉਹ ਵੀ ਕਾਮਨਾ ਕਰੇਗਾ ਕਿ ਤੁਸੀ ਵੀ ਉਸ ਨੂੰ ਆਪਣੇ ਜਪ-ਤਪ ਵਿਚੋਂ ਅਸੀਸ ਦਿਓ ਜੇਕਰ ਆਪ ਲੋਕ ਸੱਚੇ ਸੰਨਿਆਸੀ ਹੋ ਤਾਂ ਭਿਖਿਆ ਦੇ ਬਦਲੇ ਤੁਹਾਨੂੰ ਵੀ ਉਸ ਨੂੰ ਅਸ਼ੀਸ ਦੇਣੀ ਬਣਦੀ ਹੈ। ਇਸ ਪ੍ਰਕਾਰ ਉਹ ਤੁਹਾਡੇ ਜਪ-ਤਪ ਦੇ ਫਲ ਦੇ ਭਾਗੀਦਾਰ ਬਣ ਗਏ। ਉਹ ਲੋਕ ਇਕ ਰੋਟੀ ਯਾ ਕਪੜੇ ਦੇ ਬਦਲੇ ਤੁਹਾਡਾ ਜਪ-ਤਪ ਸਹਜ ਵਿਚ ਹੀ ਲੇ ਗਏ ਇਸ ਤਰ੍ਹਾਂ ਤੁਸੀਂ ਉਸ ਫਲ ਤੋਂ ਵਨਚਿਤ ਹੋ ਗਏ। ਹੁਣ ਦਸੋ ਤੁਹਾਨੂੰ ਸੰਨਿਆਸੀ ਬਣਨ ਦਾ ਕਿ ਲਾਭ ਹੋਇਆ। ਅਸਲ ਵਿਚ ਗੁਰਦੇਵ ਜੀ ਨੇ ਇਨ੍ਹਾਂ ਪਾਖੰਡੀਆਂ ਦੇ ਗੁਟਾਂ ਨੂੰ ਕੰਦ-ਮੂਲ ਫਲ ਅਤੇ 'ਧੂਣੀ' ਲਈ ਬਾਲਣ ਰੂਪ ਵਿਚ ਲਕੜੀਆਂ ਦੇ ਲਈ ਆਪਸ ਵਿਚ ਲੜਦੀਆਂ ਵੇਖੀਆ ਸੀ।

ਕੁਦਰਤ ਨੇ ਸ੍ਰਿਸ਼ਟੀ ਦੀ ਉਤਪਤੀ ਲਈ ਸਮਸਤ ਜੀਵਾਂ ਨੂੰ 'ਕਾਮ ਵਾਸਨਾ' ਉਪਹਾਰ ਸਰੂਪ ਬਖਸ਼ੀ ਹੋਈ ਹੈ। ਜੇਕਰ ਕੋਈ ਮਨੁੱਖ ਹਠ-ਯੋਗ ਨਾਲ ਕੁਦਰਤ ਦੇ ਨੇਮਾਂ ਵਿਰੁਦ ਕਰਮ ਕਰਦਾ ਹੈ ਤਾ ਉਹ ਕੁਦਰਤ ਦਾ ਅਪਰਾਧੀ ਵੀ ਹੈ ਪਰ ਕੁਦਰਤ ਦੇ ਨੇਮਾਂ ਵਿਚ ਬਹੁਤ ਬਲ ਹੁੰਦਾ ਹੈ। ਇਸ ਲਈ ਜਿਆਦਾ ਤਰ ਸੰਨਿਆਸੀ ਸੰਨਿਆਸ ਤੋਂ ਬਾਗੀ ਹੁੰਦੇ ਵੇਖੇ ਗਏ ਹਨ। ਇਹ ਲੋਕ ਸਮਾਜ ਵਿਚ ਬਦਫੇਲੀ (ਯੋਨ ਸ਼ੋਸ਼ਣ) ਕਰਦੇ ਵੇਖੇ ਗਏ ਹਨ। ਇਸ ਲਈ ਇਹ ਲੋਕ 'ਨ ਘਰ ਕੇ ਨਾ ਘਾਟ ਕੇ' ਇਹ ਸਭ ਕੁਝ ਵੇਖ ਗੁਰੂਜੀ ਕਹਿ ਉਠੇ :-

**ਜੋਗ ਨ ਖਿੰਥਾ ਜੋਗ ਨ ਡੰਡੈ, ਜੋਗ ਨ ਭਸਮ ਚੜਾਇਐ ॥**

**ਜੋਗ ਨ ਮੁੰਦੀ ਮੂੰਡਿ ਮੁਡਾਇਐ, ਜੋਗ ਨ ਸਿੰਙੀ ਵਾਈਐ॥**

**ਅੰਜਨ ਮਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ॥**

**ਗਲੀ ਜੋਗੁ ਨ ਹੋਈ ॥**

**ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥ ਰਹਾਉ॥**

ਰਾਗ ਰਾਮਕਲੀ ਮਹਲਾ1 ਅੰਗ 730

ਇਸ ਲਈ ਗੁਰਦੇਵ ਜੀ ਨੇ ਆਪਣੇ ਪੈਰਕਾਰਾਂ ਲਈ ਗ੍ਰਿਹਸਥ ਆਸਰਮ ਲਾਜ਼ਮੀ ਕਰ ਦਿਤਾ। ਉਨ੍ਹਾਂ ਦੇ ਤਿਨ ਪ੍ਰਮੁਖ ਅਸੂਲ ਸਨ। ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ।

ਗੁਰਦੇਵ ਜੀ ਦੇ ਹਿਰਦੇ ਵਿਚ ਸਮਸਤ ਮਨੁੱਖੀ ਸਮਾਜ ਲਈ ਅਪਾਰ ਪ੍ਰੇਮ ਸੀ ਉਨ੍ਹਾਂ ਦੇ ਸਿਧਾਂਤ ਜਾਤਿ-ਪਾਤਿ, ਰੰਗ, ਨਸਲ, ਹਿੰਦੂ-ਮੁਸਲਿਮ, ਲਿੰਗ ਭੇਦ, ਊਚ-ਨੀਚ, ਦੇਸ਼-ਕਾਲ, ਅਮੀਰ-ਗਰੀਬ ਮਾਲਿਕ -ਨੌਕਰ ਆਦਿ ਦੇ ਮਤਭੇਦ ਤੋਂ ਉਪਰ ਸਨ। ਉਹ ਤਾਂ ਸਾਰੀ ਮਾਨਵ ਜਾਤਿ ਨੂੰ ਆਤਮ-ਨਿਰਭਰ ਅਤੇ ਆਜ਼ਾਦ ਵੇਖਣਾ ਚਾਹੁੰਦੇ ਸਨ।

ਗੁਰਦੇਵ ਜੀ ਜਦੋਂ ਪ੍ਰਚਾਰ ਦੌਰਿਆ ਤੇ ਸਨ ਤਾਂ ਉਨ੍ਹਾਂ ਦੇ ਵਡੇ ਪੁੱਤਰ ਸ੍ਰੀ ਚੰਦ ਨੇ ਸਿੱਧ -ਜੋਗੀਆ ਦੀ ਸੰਗਤ ਦੇ ਕਾਰਣ ਸੰਨਿਆਸ ਲੈ ਲਿਆ ਅਤੇ ਪ੍ਰਤਿਗਿਆਂ ਕਰ ਲਈ ਕਿ ਮੈਂ ਸਦਾ ਲਈ ਯਤੀ ਰਵਾਂ ਗਾ। ਗੁਰੂਜੀ ਜਦੋਂ ਵਾਪਸ ਮੁੜੇ ਤਾਂ ਇਸ ਗਲ ਦਾ ਉਨ੍ਹਾਂ ਨੂੰ ਪਤਾ ਲਗਿਆ ਤਾਂ ਪਿਤਾ-ਪੁਤਰ ਵਿਚ ਸਿੱਧਾਂਤਿਕ ਮਤਭੇਦ ਹੋ ਗਿਆ ਜਿਸ ਕਰਕੇ ਗੁਰਦੇਵ ਜੀ ਨੇ ਸ੍ਰੀ ਚੰਦ ਨੂੰ ਆਪਣੇ ਹਿਰਦੇ ਵਿਚੋਂ ਕੱਢ ਦਿਤਾ। ਤਦ ਉਨ੍ਹਾਂ ਸਮਸਤ ਮਨੁੱਖੀ ਸਮਾਜ ਲਈ ਖਾਸ ਸੰਦੇਸ਼ ਦਿਤਾਃ-

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥

ਹਸੰਦਿਆ ਖੇਲੰਦਿਆ ਪੈਨੰਦਿਆ, ਖਾਵੰਦਿਆ ਵਿਚੇ ਹੋਵੈ ਮੁਕਤਿ॥

ਗੁਜਰੀ ਅੰਗ, 522

ਯਥਾ

ਸਚਿ ਸਿਮਰਿਐ ਹੋਵੈ ਪਰਗਾਸੁ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ॥

ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥

ਰਾਮ ਧਨਾਸਰੀ ਅੰਗ 661

ਸ੍ਰੀ ਗੁਰੂਨਾਨਕ ਦੇਵ ਜੀ ਨੇ ਅਭਿਮਾਨ (ਅਹੰ) ਪ੍ਰਵਿਰਤੀ ਦੇ ਦਮਨ ਲਈ ਆਪਣੇ ਸਿੱਖਾਂ ਨੂੰ ਇਕ ਖਾਸ ਜੁਗਤੀ ਸਿੱਖਾਈ। ਉਨ੍ਹਾਂ ਨੇ ਕਹਿਆ ਸਮਸਤ ਦੀਨ-ਹੀਨ (ਦੁਖੀ) ਸਮਾਜ ਦੀ ਬਿਨਾਂ ਭੇਦ ਭਾਵ, ਹਿਰਦੇ ਨਾਲ ਸੇਵਾ ਕਰਣੇ ਨਾਲ ਮਨ ਵਿਚ ਨਿਮਰਤਾ ਆਪਣੇ-ਆਪ ਉਪਜ ਦੀ ਹੈ ਅਤੇ ਸਦਾ ਸਤਿਸੰਗ

ਵਿਚ ਹਾਜ਼ਰੀ ਭਰਣੀ ਚਾਹੀਦੀ ਹੈ। ਇਥੇ ਆ ਕੇ ਲੰਗਰ ਦੇ ਜੂਠੇ ਭਾਂਡੇ ਮਾਜਣੇ, ਝਾੜੂ ਲਗਾਣਾ, ਜੋੜੇ ਸਾਫ ਕਰਣ ਅਤੇ ਸ਼ੋਚਾਲਿਆ ਨੂੰ ਸਾਫ ਕਰਣ ਮਾਤ੍ਰ ਨਾਲ ਮਨ ਕੀ ਮੈਲ ਧੁਲ ਜਾਦੀ ਹੈ ਅਤੇ ਅਹੰਕਾਰ ਭਾਵ ਦਾ ਨਾਸ਼ ਹੋ ਜਾਂਦਾ ਹੈ। ਇਸ ਪ੍ਰਕਾਰ 'ਕਰਮਜੋਗੀ' ਵਿਚ ਹੀਨ ਭਾਵਨਾਂ ਨ ਉੱਪਜ ਕੇ, ਉਹ ਪੁਰਸ਼ ਸਵੈਮਾਣੀ ਅਤੇ ਅਣਖ-ਗੈਰਤ ਦਾ ਮੁਜੱਸਮਾ ਬਣ ਜਾਂਦਾ ਹੈ। ਅਰਥਾਤ ਇਹ ਮਨੁੱਖ ਜੀਵਨ ਚਰਿਤ੍ਰ ਕਰ ਕੇ ਸੰਤ ਅਤੇ ਕਰਤਬ ਕਰਕੇ ਸਿਪਾਹੀ ਬਣ ਕੇ ਸਮਾਜ ਵਿਚ ਵਿਚਰਦਾ ਹੈ। ਗੁਰੂਵਾਕ ਹੈ :-

**ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥**

ਮ.1 ਅੰਗ 142

ਮਨ ਦੀਆਂ ਕਾਮਨਾਵਾਂ ਜਾਂ ਇੱਛਾਵਾਂ ਨੂੰ ਦਮਨ ਕਰਣ ਲਈ ਗੁਰ ਦੇਵ ਜੀ ਨੇ ਕੋਈ ਖਾਸ ਪ੍ਰਾਵਧਾਨ ਨਹੀਂ ਬਣਾਇਆ । ਉਨ੍ਹਾਂ ਨੇ ਸਿਰਫ ਆਚਰਣ ਉੱਜਵਲ ਰਖਣ ਦੀ ਗਲ ਕਹੀ ਹੈ। ਜੋਕਿ ਗ੍ਰਿਹਸਥ ਵਿਚ ਰਹਿੰਦਿਆਂ ਸਹਜ ਜੀਵਨ ਜੀਣ ਨਾਲ ਹੋ ਸਕਦਾ ਹੈ। ਗੁਰਦੇਵ ਦਾ ਕਥਨ ਹੈ ਗ੍ਰਹਿਸਥ ਦੇ ਸਾਰੇ ਸੁਖ ਭੋਗੋ ਪਰੰਤੁ ਕਮ ਉਹੀ ਕਰੋ ਜਿਸ ਨਾਲ ਮਨ ਵਿਚ ਵਿਕਾਰ ਉਤਪੰਨ ਨ ਹੋਵਨ। ਗ੍ਰਿਹਸਥ ਵਿਚ ਰਹਿੰਦਿਆਂ ਮਾਇਆ ਤੋਂ ਨਿਰਲੇਪ ਰਹਿ ਜਾਂ ਸਕਦਾ ਹੈ ਜਿਵੇਂ :- ਮੁਰਗਾਈ ਪਾਣੀ ਵਿਚ ਰਹਿੰਦੀ ਹੋਈ ਵੀ ਨਹੀਂ ਭਿਜਦੀ ਅਥਵਾ ਕਮਲ ਦਾ ਫੁਲ ਪਾਣੀ ਵਿਚ ਰਹਿੰਦਿਆਂ ਹੋਇਆ ਵੀ ਪਾਣੀ ਜਾਂ ਚਿਕੜ ਵਿਚ ਨਹੀਂ ਡੁਬਦਾ ਇਤਿ ਆਦਿ।

**ਜੈਸੇ ਜਲ ਮਾਹਿ ਕਮਲੁ ਨਿਰਾਲਮੁ, ਮੁਰਗਾਈ ਨੈਸਾਣੇ॥**

**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥**

ਰਾਮਕਲੀ ਸਿਧ ਗੋਸਟਿ (ਮਹਲਾ-1) ਅੰਗ -938

**ਯਥਾ**

**ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥**

ਆਸਾ ਮਹਲਾ 5 ਅੰਗ -384

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਿਲ੍ਹਾ ਪੀਲੀਭੀਤ ਜਾ ਰਹੇ ਸਨ। ਰਾਹ ਵਿਚ ਉਨ੍ਹਾਂ ਨੂੰ ਮਹਾਰਾਸ਼ਟਰ ਦੇ ਸੰਤ ਰਾਮ ਦਾਸ ਜੀ, ਹਰਿਦੁਆਰ ਮਿਲ ਗਏ। ਜਦੋਂ ਉਨ੍ਹਾਂ ਗੁਰਦੇਵ ਨੂੰ ਰਾਜਸੀ ਠਾਠ-ਬਾਠ ਵਿਚ

ਵਿਚਰਣ ਕਰਦਿਆਂ ਵੇਖਿਆ ਤਾਂ ਕਹਿਣ ਲਗੇ ਹੁਣ ਗੁਰੂ ਨਾਨਕ ਦੇਵ ਜੀ ਦੇ ਜਾਨਸ਼ੀਨ ਉਹੋ ਜਹੇ ਨਹੀਂ ਰਹੇ, ਭਾਵ ਮਾਇਆ ਧਾਰੀ ਹੋ ਗਏ ਹਨ, ਗੁਰੂ ਨਾਨਕ ਦੇਵ ਜੀ ਤਾਂ ਤਿਆਗੀ ਸਨ? ਇਸ ਗਲ ਦੇ ਉੱਤਰ ਵਿਚ ਗੁਰਦੇਵ ਜੀ ਨੇ ਕਹਿਆ:-

ਔਰਤ-ਇਮਾਨ, ਪੁਤ੍-ਨਿਸ਼ਾਨ, ਦੌਲਤ-ਗੁਜਰਨ, ਕਰਣੀ ਪ੍ਰਧਾਨ। ਫਕੀਰ-ਹਿੰਦੂ ਨ ਮੁਸਲਮਾਨ॥ ਸੁਆਲ ਇਹ ਹੀ ਹੈ ਕਿ ਗੁਰੂਗ੍ਰੰਥ ਸਾਹਿਬ ਜੀ ਕਿਸ ਕਮ ਦੇ ਕਰਣੇ ਲਈ ਪ੍ਰੇਰਦੇ ਹਨ। ਜਿਸ ਦੇ ਕਰਣੇ ਨਾਲ ਜੀਵਾਤਮਾ ਸਹਿਜ-ਸਰਲ ਵਿਧਿ ਨਾਲ ਮੁਕਤੀ (ਮੋਖ) ਪ੍ਰਾਪਤ ਕਰ ਸਕੇ।

## ਉੱਤਰ -

**ਏਹੁ ਅਹੇਰਾ ਕੀਨੋ ਦਾਨੁ ॥ ਨਾਨਕ ਕੈ ਘਰਿ ਕੇਵਲ ਨਾਮੁ ॥**

ਰਾਗ ਭੈਰਉ ਮਹਲਾ5 ਅੰਗ 1136

**ਯਥਾ**

**ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥**

ਸੂਹੀ ਮਹਲਾ 5 ਅੰਗ 761

**ਯਥਾ**

**ਕਹਿ ਰਵਿਦਾਸ ਜੁੋ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥**

ਰਾਗ ਬਸੰਤ, ਰਵਿਦਾਸ ਅੰਗ 1196

ਹੁਣ ਸੁਆਲ ਉਠ ਦਾ ਹੈ ਕਿ ਮਨੁੱਖ ਕਿਹੜੇ ਧਰਮ-ਕਰਮ ਕਰੇ ਜਾਂ ਪ੍ਰਭੂ ਦੀ ਬੰਦਗੀ ਕਿਸ ਵਿਧੀ ਨਾਲ ਕਰੇ ਤਾਂ ਕੀ ਸੁਆਸਾ ਦੀ ਪੂੰਜੀ ਸਫਲ ਹੋ ਜਾਵੇ?

ਜਵਾਬ -ਸ੍ਰੀ ਗੁਰੂਗ੍ਰੰਥ ਸਾਹਿਬ ਦੁਆਰਾ ਸਪਸ਼ਟ ਸ਼ਬਦਾ ਵਿਚ ਕਹਿਆ ਗਿਆ ਹੈ ਕਿ:-

ਹੇ! ਜੀਵਾਤਮਾ ਤੈਨੂੰ ਕਿਸੀ ਵੀ ਭਰਮ ਵਿਚ ਪੈਣ ਦੀ ਲੋੜ ਨਹੀਂ -ਅਧਿਆਤਮਿਕ ਦੁਨੀਆਂ ਵਿਚ ਪਾਪ ਅਤੇ ਪੁਨ ਤੇ ਵੀ ਕੋਈ ਵਿਚਾਰ ਨਹੀਂ ਹੁੰਦੀ। ਉਥੇ ਤਾਂ ਨੀਅਤਿ ਵੇਖੀ ਜਾਂਦੀ ਹੈ।

**ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸ ਕਰੇਇ ॥**

ਸਲੋਕ (ਮਹਲਾ -3) ਕੇ ਅੰਗ 1383

ਫਿਰ ਵੀ ਇਕ ਮਨੁੱਖ ਹੋਣ ਦੇ ਨਾਤੇ ਅਪਣੇ ਆਚਾਰ-ਵਿਵਹਾਰ ਨੂੰ ਉੱਜਵਲ ਰਖਣਾ ਹੈ ਅਤੇ ਕੋਈ ਐਸਾ ਕਾਰਜ ਨਹੀਂ ਕਰਣਾ ਜਿਸ ਦਾ ਹਿਸਾਬ ਸਾਥੋ ਰਬ ਦੇ ਦਰਬਾਰ ਵਿਚ ਮੰਗਿਆ ਜਾਏ। ਉਥੇ ਤਾਂ ਸਿਰਫ ਇਹ ਹੀ ਵੇਖਿਆ ਜਾਵੇ ਗਾ ਕਿ ਜੇਹੜੀ ਸੁਆਸਾਂ ਦੀ ਪੂੰਜੀ ਸਾਨੂੰ ਮਿਲੀ ਸੀ। ਆਸਾਂ ਨੇ ਉਸ ਦਾ ਕਿਸ ਪ੍ਰਕਾਰ ਵਰਤੋ ਕੀਤੀ ਹੈ?

ਜਿਸ ਤਰ੍ਹਾ ਸਾਡੇ ਮਾਪੇ ਤਾਂ ਹੀ ਖੁਸ਼ ਹੁੰਦੇ ਹਨ ਜਦੋਂ ਉਨ੍ਹਾਂ ਦੇ ਦਿਤੇ ਧਨ ਦਾ ਅਸੀਂ ਸਦ ਉਪਯੋਗ ਕਰਕੇ ਅੱਛੀ ਸਿਖਿਆ ਪ੍ਰਾਪਤ ਕਰ ਕੁਝ ਬਣ ਕੇ ਦਿਖਾਇਏ। ਠੀਕ ਇਸੀ ਤਰ੍ਹਾ ਉਹ ਪਰਮ ਪਿਤਾ ਪਰਮੇਸ਼ਵਰ ਸਾਡੇ ਤੇ ਤਦ ਹੀ ਖੁਸ਼ ਹੋਏ ਗਾ ਜਦੋਂ ਅਸੀਂ ਆਪਣੇ ਸੁਆਸਾਂ ਦੀ ਪੂੰਜੀ ਨਾਲ ਨਾਮ ਰੂਪੀ ਧਨ ਖਟ ਕੇ ਇਸ ਮਾਤ ਲੋਕ ਵਿਚੋਂ ਉਸਦੇ ਸਨਮੁੱਖ ਹੋਵਾ ਗੇ।

ਜਿਸ ਤਰ੍ਹਾਂ ਵਿਦਿਆ ਪ੍ਰਾਪਤ ਕਰਦੇ ਸਮੇਂ ਸਾਡੀ ਮਿਹਨਤ ਕਿਸੀ ਅਧਿਆਪਕ ਜਾਂ ਮਾਤਾ ਪਿਤਾ ਤੇ ਕੋਈ ਐਹਸਾਨ ਨਹੀਂ ਇਹ ਮਹਿਨਤ ਅਸਾਂ ਆਪਣੇ ਮਾਨਸਿਕ ਵਿਕਾਸ ਦੇ ਲਈ ਕੀਤੀ ਸੀ ਠੀਕ ਇਸੀ ਤਰ੍ਹਾ ਪ੍ਰਭੂ ਨਾਮੁ ਦਾ ਜਾਪ ਯਾ ਚਿਨਤਨ -ਮਨਨ ਸਾਡੇ ਆਤਮਿਕ ਵਿਕਾਸ ਦੇ ਲਈ ਹੁੰਦਾ ਹੈ। ਇਸ ਤਰ੍ਹਾਂ ਸਾਡੇ ਮਨ ਦੀ ਮੈਲ ਧੋਤੀ ਜਾਂਦੀ ਹੈ ਅਤੇ ਅਸੀਂ ਸਵੱਛ ਹੋ ਕੇ ਅਰਥਾਤ 'ਅਹੰ' ਭਾਵਨਾ ਰਹਿਤ ਹੋ ਕੇ ਪ੍ਰਭੂ ਚਰਣਾਂ ਵਿਚ ਹਾਜ਼ਰ ਹੁੰਦੇ ਹਾਂ। ਜਿਥੇ ਸਾਨੂੰ ਪ੍ਰਭੂ ਏਕਾਕਾਰ ਕਰ ਲੈਂਦਾ ਹੈ।

ਹੁਣ ਸੁਆਲ ਹੈ ਪ੍ਰਭੂਨਾਮ (ਸਿਮਰਨ) ਕਿਸ ਵਿਧੀ ਨਾਲ ਕੀਤਾ ਜਾਏ ?

ਇਸ ਵਿਸ਼ੇ ਵਿਚ ਬਹੁਤ ਵਿਸਤਾਰ ਨਾਲ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਰਾਹੀ ਉੱਤਰ ਦਿਤਾ ਗਿਆ ਹੈ। ਸਾਰੀਆਂ ਰਚਨਾਵਾਂ ਦਾ ਤਤੁ ਸਾਰ ਹੈ ਕਿ ਜੀਵਾਤਮਾ ਨੂੰ ਸੁਰਤੀ ਸਿਮਰਨ ਕਰਣਾ ਚਾਹੀਦਾ ਹੈ ਜਾਂ 'ਸਹਿਜ ਯੋਗ' ਦੁਆਰਾ ਅੰਮ੍ਰਿਤ ਵੇਲੇ ਆਪਣੇ ਹੀ ਘਰ ਇਕਾਂਤ ਵਿਚ ਜਾਪ ਕਰਣਾ ਚਾਹੀਦਾ ਹੈ।

ਆਪ ਜੀ ਉਸ ਪ੍ਰਭੂ ਨੂੰ ਕਿਸੀ ਵੀ ਨਾਮ ਨਾਲ 'ਭਜ' ਸਕਦੇ ਹੋ ਪਰ ਹਰਪਲ ਉਸਨੂੰ ਆਪਣੇ ਨਾਲ ਮਹਿਸੂਸ ਕਰਦੇ ਰਹਿਣ ਨਾਲ ਕਿ ਉਹ ਦਿਵਯ ਸ਼ਕਤੀ ਸਦਾ ਸਾਡੇ ਅੰਗ-ਸੰਗ ਹੈ। ਮੈਂ ਕਦੇ ਵੀ ਇਕੱਲਾ ਨਹੀਂ ਹਾਂ।

ਭਗਤ ਨਾਮਦੇਵ ਜੀ ਭਗਤ ਤ੍ਰਿਲੋਚਨ ਜੀ ਦੇ ਸਮਕਾਲੀਨ ਸਨ । ਇਕ ਦਿਨ ਭਗਤ ਤ੍ਰਿਲੋਚਨ ਜੀ ਨੇ ਨਾਮਦੇਵ ਜੀ ਤੇ ਸੁਆਲ ਕੀਤਾ ਅਸੀ ਹਰਿ ਨਾਮ ਕਦੋਂ ਭਜੀਏ? ਕਿਉਂਕਿ ਅਸੀਂ ਸੰਸਾਰਿਕ ਧੰਧਿਆ ਵਿਚ ਰੁੱਝੇ ਰਹਿੰਦੇ ਹਾਂ। ਉੱਤਰ ਵਿਚ ਨਾਮਦੇਵ ਜੀ ਨੇ ਕਹਿਆ:-

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮ੍ਹਾਲਿ॥

ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ ॥

ਸਲੋਕ ਕਬੀਰ ਜੀ, ਅੰਗ 1376

**ਨੋਟ :- ਗੁਰਮਤਿ ਹਠ ਯੋਗ ਦੀ ਆਗਿਆ ਨਹੀਂ ਦੇਂਦੀ।**

ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਭਗਤ ਨਾਮਦੇਵ ਜੀ ਨੇ ਪੁਰਾਤਨ ਸਮੇਂ ਨਾਲ ਸੰਬੰਧਤ ਉਦਾਹਰਣ ਪੇਸ਼ ਕੀਤੇ ਹਨ ਪਰ ਅਜ ਅਸੀਂ ਆਪ ਜੀ ਨੂੰ ਆਧੁਨਿਕ ਯੁਗ ਦੇ ਪ੍ਰਤੱਖ ਪਰਮਾਣ ਦੇ ਕੇ ਇਸ ਗਲ ਨੂੰ ਸਿੱਧ ਕਰਾਂਗੇ। ਕਿ ਇਕ ਸਮੇਂ ਵਿਚ ਦੋ ਕਾਰਜ ਕਰਦੇ ਹੋਏ ਸਾਧਾਰਣ ਮਨੁੱਖਾਂ ਨੂੰ ਵੇਖਿਆ ਜਾਂਦਾ ਹੈ। ਜਿਵੇਂ ਮਨ ਲਓ ਆਪ ਜੀ ਇਕ ਬਸ ਵਿਚ ਸਫਰ ਕਰ ਰਹੇ ਹੋ ਤਾਂ ਆਪ ਜੀ ਨੇ ਅਕਸਰ ਵੇਖਿਆ ਹੋਏ ਗਾ ਜਦੋਂ ਕੰਡਕਟਰ ਫੁਰਸਤ ਵਿਚ ਹੁੰਦਾ ਹੈ ਤਾਂ ਉਹ ਡਰਾਈਵਰ ਨਾਲ ਗਲਾਂ ਕਰਣ ਲਗ ਜਾਂਦਾ ਹੈ। ਇਨ੍ਹਾਂ ਸਾਰਿਆ ਗਲਾਂ ਦਾ ਡਰਾਇਰਵ ਵੀ ਠੀਕ-ਠੀਕ ਉੱਤਰ ਦੇਂਦਾ ਰਹਿੰਦਾ ਹੈ। ਇਸ ਤਰ੍ਹਾਂ ਉਨ੍ਹਾਂ ਦੋਹਨਾਂ ਦਾ ਵਿਚਾਰ ਵਟਾਦਰਾਂ ਲੰਬਾ ਸਮਾਂ ਚਲਦਾ ਰਹਿੰਦਾ ਹੈ। ਇਸ ਸਮੇਂ ਵਿਚ ਡਰਾਇਵਰ ਬਸ ਨੂੰ ਠੀਕ ਠਿਕਾਣੇ ਪਹੁੰਚਾ ਦਿੰਦਾ ਹੈ : ਕਹਿਣ ਤੇ ਭਾਵ ਇਹ ਹੈ ਕਿ ਡਰਾਇਵਰ ਇਕ ਸਮੇਂ ਵਿਚ ਦੋ ਕਮ ਕਰ ਰਿਹਾ ਸੀ। ਇਕ ਤਾਂ ਉਹ ਆਪਣੀ ਗੱਡੀ ਠੀਕ ਡਰਾਈਵ ਕਰ ਰਿਹਾ ਸੀ ਅਤੇ ਦੂਜਾ ਆਪਣੇ ਸਾਥੀਆਂ ਨਾਲ ਠੀਕ ਗਲ -ਬਾਤ ਕਰ ਰਿਹਾ ਸੀ। ਭਾਵ ਇਹ ਹੈ ਇਕ ਸਮੇਂ ਵਿਚ ਦੋ ਕੰਮ ਨਿਭਾ ਰਿਹਾ ਸੀ।

ਗੁਰੂਘਰ ਵਿਚ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਵਲੋਂ ਦਿਤਾ ਗਿਆ ਗੁਰੂਮੰਤ੍ਰ ਵਾਹਿਗੁਰੂ ਹੈ। ਵਾਹਿਗੁਰੂ ਸ਼ਬਦ ਨੂੰ ਗੁਰ ਮੰਤ੍ਰ ਰੂਪ ਵਿਚ ਸਿੱਖ ਜਗਤ ਵਿਚ ਸਵਿਕਾਰਿਆਂ ਗਿਆ ਹੈ। ਇਸ ਮੰਤ੍ਰ ਨੂੰ ਪੰਜ ਪਿਆਰੇ ਗੁਰੂ ਦੀਖਿਆ ਸਮੇਂ ਅੰਮ੍ਰਿਤ ਅਭਿਲਾਸ਼ੀਆਂ ਨੂੰ ਦੇਂਦੇ ਹਨ। ਸਰਵ ਪ੍ਰਥਮ -ਇਹ ਮੰਤ੍ਰ ਅੰਮ੍ਰਿਤ ਵੇਲੇ ਸੂਰਜ ਉਦੇ ਹੋਣ ਤੋਂ ਪਹਿਲਾ ਇਕਾਗਰ ਬੈਠ ਕੇ ਉੱਚੀ ਅਵਾਜ ਵਿਚ ਜਪਣਾ ਹੁੰਦਾ ਹੈ ਫਿਰ ਆਪਣੀ ਉਸੀ ਆਵਾਜ਼ ਨੂੰ ਨਾਲੋ-ਨਾਲ ਧਿਆਨ ਨਾਲ ਖੁਦ ਹੀ ਸੁਣਨਾ ਹੁੰਦਾ ਹੈ। ਜਦੋਂ ਗੁਰ ਮੰਤ੍ਰ ਦੀ ਗੂੰਜ ਦੀ ਧੁਨਿ ਨਾਭੀ ਨਾਲ

ਟੱਕਰਾਦੀ ਹੈ ਤਾਂ ਜਗਿਆਸ ਨੂੰ ਸਹਿਜ-ਸਹਜਿ ਆਨੰਦ ਦਾ ਐਹਸਾਸ ਹੋਣ ਲਗਦਾ ਹੈ। ਫਿਰ ਸਮੇਂ ਦੇ ਨਾਲ-ਨਾਲ ਇਹ ਕਰਮ ਨਿਤਾਪ੍ਰਤੀ ਹਰ ਸਮੇਂ ਆਰੰਭ ਹੋ ਜਾਂਦ ਹੈ। ਇਸ ਤੋਂ ਬਾਦ ਅਭਿਆਸੀ ਨੂੰ ਸੁਆਸ-ਸੁਆਸ ਜਪਣੇ ਦੀ ਆਦਤ ਪੈ ਜਾਂਦੀ ਹੈ। ਜਿਸ ਨੂੰ ਅਧਿਆਤਮਿਕ ਦੁਨੀਆਂ ਵਿਚ ਅਜਪਾ-ਜਾਪ ਕਹਿੰਦੇ ਹਨ। ਇਸ ਕਾਰਜ ਦਾ ਕੋਲ ਖਲੋਤੇ ਕਿਸੇ ਵੀ ਦੂਜੇ ਮਨੁੱਖ ਨੂੰ ਐਹਿਸਾਸ ਵੀ ਨਹੀਂ ਹੋ ਪਾਂਦਾ ਕਿ ਕੋਈ ਭਜਨ ਕਰ ਰਿਹਾ ਹੈ। ਭਾਵ ਸਭ ਸੁਰਤਿ-ਸਿਮਰਨ ਵਿਚ ਚਲ ਰਿਹਾ ਹੁੰਦਾ ਹੈ।

**ਉਠਤ ਬੈਠਤ ਸੋਵਤ ਜਾਗਤ ਇਹ ਮਨ ਤੁਝੈ ਚ੍ਰਿਤਾਰੇ॥**

**ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝਹੀ ਆਗੈ ਸਾਰੈ ॥**

ਬਿਲਾਵਲ ਮ: 5, ਅੰਗ 820

**ਯਥਾ**

**ਉਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥**

ਆਸ ਮਹਲਾ 5, ਅੰਗ 386

ਮਹਾਪੁਰਖਾਂ ਦਾ ਜੀਵਨ ਵਿਰਤਾਂਤ ਆਮ ਮਨੁੱਖਾਂ ਦੇ ਲਈ ਆਦਰਸ਼ ਹੁੰਦਾ ਹੈ ਅਤੇ ਉਨ੍ਹਾਂ ਦੀ ਬਾਣੀ ਸਾਰੇ ਸੰਸਾਰ ਦਾ ਮਾਰਗ ਦਰਸ਼ਨ ਕਰਦੀ ਹੈ। ਜੇਕਰ ਕੋਈ ਮਨੁੰਖ ਇਨ੍ਹਾਂ ਦੋਨ੍ਹਾਂ, ਜੀਵਨ ਜੁਗਤੀ ਅਤੇ ਵਿਚਾਰਧਾਰਾ ਦਾ ਅਧਿਅਨ ਕਰਕੇ ਉਸੀ ਅਨੁਸਾਰ ਜੀਵਨ ਵਤੀਤ ਕਰੇ ਤਾਂ ਉਸ ਦੇ ਕਲਿਆਣ ਦੇ ਲਈ ਗ੍ਰਾਂਰਟੀ ਵੀ ਹੈ।

**ਗੁਰੁ ਨਾਨਕੁ ਜਿਨ ਸੁਣਿਆ ਪੇਖਿਆ, ਸੇ ਫਿਰਿ ਗਰਭਾਸਿ ਨ ਪਰਿਆ ਰੇ ॥**

ਮਹਲਾ 5, ਅੰਗ 612

ਵੈਸੇ ਤਾਂ ਜਿਗਿਆਸੁ ਭਜਨ ਬੰਦਗੀ ਕਰਦਾ ਹੈ ਕੁਝ ਪ੍ਰਾਤੀਆਂ ਲਈ ਪਰ ਜੇਕਰ ਓਹ ਸਿਰਫ ਪ੍ਰੇਮ ਵਸ ਸਿਮਰਨ ਕਰੇ ਤਾਂ ਨਿਸ਼ਕਾਮ ਭਗਤੀ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਗੁਰਦੇਵ ਜੀ ਕਹਿੰਦੇ ਹਨ।

**ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥**

ਗਉੜੀ ਕਬੀਰ, ਅੰਗ 325

# ਸਮੀਖਿਆਂ

ਇਸ ਵਿਗਿਆਨਿਕ ਜੁਗ ਵਿਚ ਕੁਝ ਇਕ ਗਲਾਂ ਨੂੰ ਸਮਝਣ ਵਿਚ ਵਿਗਿਆਨ ਦੁਆਰਾ ਤਿਆਰ ਯੰਤ੍ਰਾ ਨੇ ਸਾਡੀ ਬਹੁਤ ਸਹਾਇਤਾ ਕੀਤੀ ਹੈ। ਉਦਹਰਣ ਵਜੋਂ -ਮੁਬਾਇਲ ਫੌਨ, ਜੇਕਰ ਅਸੀਂ ਚਾਹਿਏ ਤਾਂ ਉਸੀ ਪਲ ਸਾਡੀ ਲੋਕੇਸ਼ਨ ਪੁਆਇਟ ਆਉਟ ਕਰ ਸਕਦਾ ਹੈ। ਇਸ ਦਾ ਅਰਥ ਇਹ ਹੋਇਆ ਹੈ ਕਿ ਅਸੀ ਫੋਨ ਕਮਪਨੀ ਦੀ ਹਰ ਪਲ ਨਜ਼ਰ ਵਿਚ ਹਾਂ। ਠੀਕ ਇਸੀ ਤਰ੍ਹਾ ਅਸੀ ਹਰਪਲ ਉਸ ਪ੍ਰਭੂ ਦੀ ਦ੍ਰਿਸ਼ਟੀ ਵਿਚ ਹਾਂ। ਕਿਉਂਕਿ ਉਸ ਦਾ ਕਨਕਸ਼ਨ ਸਾਡੇ ਹਿਰਦੇ ਨਾਲ ਹੈ।

ਇਸੀ ਪ੍ਰਕਾਰ ਵੀ.ਡੀ.ਓ. ਗੇਮ ਖੇਡਣ ਵਾਲੇ ਦੋਨੋਂ ਖਿਡਾਰੀ ਇਹ ਜਾਣ ਦੇ ਹਨ ਕਿ ਓਹ ਲੋਕ ਸਿਰਫ ਸਕੋਰ ਬਣਾਨੇ ਦੇ ਲਈ ਅਜ਼ਾਦ ਹਨ ਪਰ ਗੇਮ ਤੇ ਉਨ੍ਹਾਂ ਦਾ ਕੋਈ ਵਸ ਨਹੀਂ ਠੀਕ ਇਸੀ ਤਰ੍ਹਾਂ ਅਸੀ ਮਾਤ ਲੋਕ ਵਿਚ ਕਰਮਾਂ ਦੇ ਲਈ ਆਜ਼ਾਦ ਹਾਂ ਪਰ ਸਾਨੂੰ ਮਹੌਲ ਦੇਣਾ ਉਸ ਪ੍ਰਭੂ ਦੀ ਹੀ ਦੇਣ ਹੈ। ਜਿਸ ਤੇ ਉਸ ਪ੍ਰਭੂ ਦਾ ਕਬਜ਼ਾ ਹੈ।

ਅਸੀਂ ਆਪਣੇ ਮੋਬਾਇਲ ਫੌਨ ਤੋਂ ਕਿਸੀ ਵੀ ਮਨੁੱਖ ਦਾ ਨੰਬਰ ਡਾਇਲ ਕਰਕੇ ਉਸ ਨਾਲ ਗਲ -ਬਾਤ ਕਰ ਸਕਦੇ ਹਾਂ। ਠੀਕ ਇਸੀ ਤਰ੍ਹਾਂ ਆਪ ਜੀ ਆਪਣੇ ਹਿਰਦੇ ਦੇ ਫੋਨ ਵਿਚ ਪ੍ਰਭੂ ਦਾ ਨੰਬਰ ਡਾਈਲ ਕਰ ਕੇ ਉਸ ਨਾਲ ਗਲ-ਬਾਤ ਕਰ ਸਕਦੇ ਹੋ। ਹੁਣ ਤੁਸੀ ਪੁਛੋਗੇ ਕਿ ਉਸ ਦਿਵਏ ਜੋਤਿ ਦਾ ਨੰਬਰ ਕੀ ਹੈ? ਉਸ ਦਾ ਉੱਤਰ ਹੈ :- ਜਿਦਾ ਤੁਸੀ ਂ ਆਪਣੇ ਪ੍ਰਦੇਸ਼ ਤੋਂ ਬਾਹਰ ਗਲ ਕਰਣ ਲਈ, ਪਹਿਲਾ ਇਕ ਸਿਫਰ (0) ਡਾਇਲ ਕਰਦੇ ਹੋ। ਜੇਕਰ ਵਿਦੇਸ਼ਾ ਵਿਚ ਫੋਨ ਕਰਨਾ ਹੋਵੇ ਤਾਂ ਦੋ ਸਿਫਰ (0-0) ਲਗਾਣੇ ਪੈਂਦੇ ਹਨ। ਜੇਕਰ ਆਪ ਨੂੰ ਬ੍ਰਹੰਮਡ ਦੇ ਮਾਲਿਕ ਨਾਲ ਗਲ ਕਰਣੀ ਹੈ ਤਾ ਤਿਨ ਸਿਫਰ ਡਾਇਲ ਕਰਣੇ ਹੀ ਪੈਣਗੇ।

1. ਪਹਿਲਾ ਸਿਫਰ, ਖੁਦ ਨੂੰ ਕਾਮਨਾਵਾਂ ਰਹਿਤ ਕਰ ਲਓ ਭਾਵ ਆਪਣੇ ਆਪ ਨੂੰ ਨਿਰ ਇੱਛਾ ਕਰ ਕੇ ਸਿਫਰ ਕਰ ਲਓ।

2. ਦੂਜਾ ਸਿਫਰ ਹੈ, ਆਪਣੇ ਅਹੰਕਾਰ ਨੂੰ ਸਿਫਰ ਤੇ ਲੈ ਆਓ ਭਾਵ ਆਪਣੀ ਹੋਂਦ ਨੂੰ ਮਿਟਾ ਦਿਓ।

3. ਤੀਜਾ ਸਿਫਰ ਹੈ, ਆਪਣੇ ਆਪ ਨੂੰ ਪ੍ਰਭੂਚਰਨਾਂ ਵਿਚ ਅਰਪਣ ਕਰਨੇ ਲਈ ਸਦਾ ਖਿਮਾ ਜਾਚਨਾਂ ਵਿਚ ਰਹਿਣਾ ਸਿੱਖ ਲਓ।

ਜੋ ਮਨੁੱਖ ਇਹ ਤਿਨੋ ਸਿਫਰ ਆਪਣੇ ਹਿਰਦੇ ਦੇ ਫੋਨ ਤੇ ਡਾਇਲ ਕਰ ਲੈਂਦਾ ਹੈ ਉਹ ਮਨੁੱਖ ਜੀਵਨ-ਮੁਕਤ ਕਹਾਉਂਦਾ ਹੈ ਭਾਵ ਉਹ ਇਸੀ ਸ਼ਰੀਰ ਵਿਚ ਇਸੀ ਸਮਾਜ ਵਿਚ ਰਹਿੰਦੀਆ ਮੋਖ ਪ੍ਰਾਪਤ ਕਰ ਲੈਂਦਾ ਹੈ ।ਮੁੜ ਉਹ ਮਾਤਾ ਦੇ ਗਰਭ ਵਿਚ ਨਹੀਂ ਆਉਂਦਾ ਉਸ ਦਾ ਆਵਾਗਮਨ ਦਾ ਚਕ੍ਰ ਖਤਮ ਹੋ ਗਿਆ ਸਮਝੋ।ਇਹ ਵਿਚਾਰਧਾਰਾ ਸਾਹਿਬ ਗੁਰੂਗ੍ਰੰਥ ਸਾਹਿਬ ਜੀ ਦੀ ਹੈ !!!


**ਲੇਖਕ: ਜਸਬੀਰ ਸਿੰਘ**

**Ph. : (0172-2696891), 09988160484**



**Type Setting :**

**Radheshyam Choudhary**

**Mob. : 098149- 66882**

## निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

## ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜ੍ਹੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਹਾਲਯ (**Museum**)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।